Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

Vol 20*Issue 04 | Wednesday, January 06, 2021 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steeles Ave. W. Unit 11, Etobicoke, ON


# ਵਿਦੇਸ਼ਾਂ ਵਿਚ ਛੁੱਟੀਆਂ ਮਨਾ ਕੇ ਆਏ ਕੈਨੇਡੀਅਨ ਸਿਕਨੈਸ ਬੈਨੇਫਿਟਸ ਲਈ ਦਾਅਵਾ ਨਹੀਂ ਕਰ ਸਕਣਗੇ : ਟਰੂਡੋ

ਓਟਵਾ, 5 ਜਨਵਰੀ (ਪੋਸਟ ਬਿਊਰੋ) ; ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ 1,000 ਡਾਲਰ ਵਾਲੇ ਸਿੱਕਨੈੱਸ ਬੈਨੇਫਿਟ ਵਿੱਚ ਤਬਦੀਲੀਆਂ ਕਰ ਰਹੀ ਹੈ। ਫੈਡਰਲ ਸਰਕਾਰ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਗੈਰ ਜ਼ਰੂਰੀ ਕਾਰਨਾਂ ਕਰਕੇ ਟਰੈਵਲ ਕਰਨ ਵਾਲੇ ਵਿਅਕਤੀਆਂ ਨੂੰ ਕੈਨੇਡਾ ਪਰਤਣ ਉੱਤੇ ਕੁਆਰਨਟੀਨ ਕੀਤੇ ਜਾਣ ਦੌਰਾਨ ਇਹ ਰਕਮ ਹਾਸਲ ਨਾ ਹੋਵੇ।

ਰੀਡੋ ਕਾਟੇਜ ਤੋਂ ਸਾਲ ਦੇ ਆਪਣੇ ਪਹਿਲੇ ਸੰਬੋਧਨ ਦੌਰਾਨ ਟਰੂਡੋ ਨੇ ਉਨ੍ਹਾਂ ਸੱਭਨਾਂ ਦੀ ਨਿਖੇਧੀ ਕੀਤੀ ਜਿਨ੍ਹਾਂ ਨੇ ਛੁੱਟੀਆਂ ਦੇ ਮੌਸਮ ਵਿੱਚ ਕੌਮਾਂਤਰੀ ਪੱਧਰ ਉੱਤੇ ਟਰੈਵਲ ਕੀਤਾ ਸੀ। ਉਨ੍ਹਾਂ ਦੇ ਆਫਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਪ੍ਰਧਾਨ ਮੰਤਰੀ ਛੁੱਟੀਆਂ ਵਿੱਚ ਵਿਦੇਸ਼ ਨਹੀਂ ਗਏ ਤੇ ਉਨ੍ਹਾਂ ਸਾਰੀਆਂ ਛੁੱਟੀਆਂ ਆਪਣੇ ਪਰਿਵਾਰ ਨਾਲ ਘਰ ਵਿੱਚ ਹੀ ਬਿਤਾਈਆਂ।ਟਰੂਡੋ ਨੇ ਆਖਿਆ ਕਿ ਇਸ ਸਮੇਂ ਕਿਸੇ ਨੂੰ ਵੀ ਵਿਦੇਸ਼ ਵਿੱਚ ਛੁੱਟੀਆਂ ਮਨਾਉਣ ਨਹੀਂ ਜਾਣਾ ਚਾਹੀਦਾ।

ਉਨ੍ਹਾਂ ਆਖਿਆ ਕਿ ਵਿਦੇਸ਼ਾਂ ਵਿੱਚ ਜਾ ਕੇ ਛੁੱਟੀਆਂ ਨਾ ਮਨਾਉਣ ਦਾ ਫੈਸਲਾ ਕਰਕੇ ਕਈ ਲੋਕਾਂ ਨੇ ਬਹੁਤ ਵਧੀਆ ਫੈਸਲਾ ਕੀਤਾ ਹੈ। ਇਸ ਦਾ ਵੀ ਕੋਈ ਕਾਰਨ ਹੈ ਕਿ ਕੈਨੇਡੀਅਨਾਂ ਵੱਲੋਂ ਇਸ ਤਰ੍ਹਾਂ ਦੇ ਸਖ਼ਤ ਫੈਸਲੇ ਲਏ ਜਾ ਰਹੇ ਹਨ। ਇਸ ਦਾ ਵੀ ਕੋਈ ਕਾਰਨ ਹੈ ਕਿ ਐਨੇ



ਕੈਨੇਡੀਅਨਾਂ ਨੇ ਆਪਣਾ ਯੋਗਦਾਨ ਪਾਇਆ।ਇਹ ਸੱਭ ਉਨ੍ਹਾਂ ਆਪਣੇ ਨੇੜਲੇ ਲੋਕਾਂ ਦੀ ਭਲਾਈ ਦਾ ਸੋਚ ਕੇ ਹੀ ਕੀਤਾ।

ਜ਼ਿਕਰਯੋਗ ਹੈ ਕਿ ਕੈਨੇਡਾ ਰਿਕਵਰੀ ਸਿੱਕਨੈੱਸ ਬੈਨੇਫਿਟ (ਸੀ ਐਸ ਆਰ ਬੀ) ਦਾ ਖੁਲਾਸਾ ਪਹਿਲੀ ਵਾਰੀ ਇਨ੍ਹਾਂ ਗਰਮੀਆਂ ਵਿੱਚ ਹੋਇਆ। ਇਸ ਬੈਨੇਫਿਟ ਨੂੰ ਉਨ੍ਹਾਂ ਵਰਕਰਜ਼ ਲਈ ਤਿਆਰ ਕੀਤਾ ਗਿਆ ਹੈ ਜਿਹੜੇ ਬਿਮਾਰ ਹਨ ਜਾਂ ਜਿਨ੍ਹਾਂ ਨੂੰ ਕੋਵਿਡ-19 ਨਾਲ ਸਬੰਧਤ ਕਾਰਨਾਂ ਕਰਕੇ ਘਰ ਵਿੱਚ ਸੈਲਫ ਆਈਸੋਲੇਟ ਕਰਨਾ ਪੈ ਰਿਹਾ ਹੈ ਜਾਂ ਜਿਨ੍ਹਾਂ ਨੂੰ ਹੋਰ ਤਕਲੀਫ ਹੈ ਜਿਨ੍ਹਾਂ ਕਾਰਨ ਉਨ੍ਹਾਂ ਨੂੰ ਕਰੋਨਾਵਾਇਰਸ ਹੋਣ ਦਾ ਡਰ ਹੈ। ਇਸ ਤਹਿਤ ਅਜਿਹੇ ਵਰਕਰਜ਼ ਨੂੰ ਇਸ ਪ੍ਰੋਗਰਾਮ ਤਹਿਤ 500 ਡਾਲਰ ਪ੍ਰਤੀ ਹਫਤਾ, ਦੋ ਹਫਤਿਆਂ ਲਈ, ਦੇਣ ਦਾ ਫੈਸਲਾ ਕੀਤਾ ਗਿਆ ਹੈ।

ਚਿੰਤਾ ਉਸ ਸਮੇਂ ਪੈਦਾ ਹੋਈ ਜਦੋਂ ਵਿਦੇਸ਼ਾਂ ਦਾ ਦੌਰਾ ਕਰਕੇ ਕੈਨੇਡਾ ਪਰਤਣ ਵਾਲੇ ਕੈਨੇਡੀਅਨ ਵੀ ਖੁਦ ਨੂੰ ਲਾਜ਼ਮੀ ਤੌਰ ਉੱਤੇ ਕੁਆਰਨਟੀਨ ਕਰਦੇ ਸਮੇਂ ਇਨ੍ਹਾਂ ਬੈਨੇਫਿਟਸ ਲਈ ਕਲੇਮ ਕਰਨ ਲੱਗੇ। ਟਰੂਡੋ ਨੇ ਸਪਸ਼ਟ ਕੀਤਾ ਕਿ ਇਹ ਬੈਨੇਫਿਟ ਉਨ੍ਹਾਂ ਕੈਨੇਡੀਅਨਾਂ ਲਈ ਨਹੀਂ ਹਨ ਜਿਹੜੇ ਵਿਦੇਸ਼ਾਂ ਵਿੱਚ ਛੁੱਟੀਆਂ ਮਨਾ ਕੇ ਪਰਤ ਰਹੇ ਹਨ ਤੇ ਕੁਆਰਨਟੀਨ ਕਰ ਰਹੇ ਹਨ। ਇਹ ਲੋਕਾਂ ਨੂੰ ਲੋੜ ਪੈਣ ਉੱਤੇ ਸਿੱਕ ਲੀਵ ਦੇਣ ਦਾ ਮਾਮਲਾ ਹੈ, ਜਿਹੜੀ ਉਨ੍ਹਾਂ ਨੂੰ ਆਪਣੇ ਇੰਪਲੌਇਰ ਤੋਂ ਨਾ ਮਿਲਦੀ ਤੇ ਉਨ੍ਹਾਂ ਦੇ ਕੰਮ ਦਾ ਹਰਜਾ ਹੁੰਦਾ। ਇਹ ਕਿਸੇ ਦੀਆਂ ਛੁੱਟੀਆਂ ਤੋਂ ਬਾਅਦ ਕੁਆਰਨਟੀਨ ਹੋਣ ਦੇ ਸਮੇਂ ਲਈ ਖਰਚਾ-ਪਾਣੀ ਨਹੀਂ ਹੈ।

ਟਰੂਡੋ ਨੇ ਆਖਿਆ ਕਿ ਇਸੇ ਲਈ ਅਸੀਂ ਇਸ ਨੂੰ ਹੁਣੇ ਸੋਧਣਾ ਚਾਹੁੰਦੇ ਹਾਂ। ਪਰ ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਇਹ ਤਬਦੀਲੀ ਇਸ ਮਹੀਨੇ ਦੇ ਅਖੀਰ ਵਿੱਚ ਪਾਰਲੀਆਮੈਂਟ ਦੀ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਕਰ ਲਈ ਜਾਵੇਗੀ।

## ਲਵੈਲ ਦੇ ਹਸਪਤਾਲ ਵਿੱਚ 7 ਸਾਲਾ ਬੱਚੀ ਦੀ ਹੋਈ ਮੌਤ, ਮਾਮਲੇ ਦੀ ਜਾਂਚ ਕਰ ਰਹੀ ਹੈ ਪੁਲਿਸ

ਲਵੈਲ, 5 ਜਨਵਰੀ (ਪੋਸਟ ਬਿਊਰੋ) : ਲਵੈਲ ਵਿੱਚ ਇੱਕ ਸੱਤ ਸਾਲਾ ਬੱਚੀ ਦੀ ਹੋਈ ਮੌਤ ਦੇ ਮਾਮਲੇ ਦੀ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਇਸ ਮਾਮਲੇ ਵਿੱਚ ਪੋਸਟ ਮਾਰਟਮ ਵਿੱਚ ਹੀ ਕੋਈ ਤੱਥ ਸਾਹ-ਮਣੇ ਆਉਣ ਦੀ ਉਮੀਦ ਹੈ।

ਐਤਵਾਰ ਨੂੰ ਦੁਪਹਿਰੇ 2:30 ਵਜੇ ਛੌਮੇਡੀ ਸਥਿਤ ਇੱਕ ਘਰ ਵਿੱਚ ਐਮਰਜੰਸੀ ਸਰਵਿਸਿਜ਼ ਨੂੰ ਸੱਦਿਆ ਗਿਆ। ਇੱਥੇ ਹੀ ਉਨ੍ਹਾਂ ਨੂੰ ਇਹ ਸੱਤ ਸਾਲਾ ਲੜਕੀ ਮਿਲੀ ਤੇ ਉਸ ਸਮੇਂ ਉਸ ਵਿੱਚ ਕੋਈ ਸਾਹ ਸਤ ਨਹੀਂ ਸਨ। ਲਵੈਲ ਪੁਲਿਸ ਦੇ ਸਾਰਜੈਂਟ ਜੈਨੇਵੀਵ ਮੇਜਰ ਨੇ ਦੱਸਿਆ ਕਿ ਉਸ ਬੱਚੀ ਨੂੰ ਸੀਪੀਆਰ ਵੀ ਦਿੱਤੀ ਗਈ ਪਰ ਹਸਪਤਾਲ ਵਿੱਚ ਉਸ ਦੀ ਮੌਤ ਦੀ ਪੁਸ਼ਟੀ ਹੋ ਗਈ। ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ ਪਰ ਅਜੇ ਤੱਕ ਕਿਸੇ ਮਸ਼ਕੂਕ ਦਾ ਖੁਲਾਸਾ ਨਹੀ ਹੋਇਆ ਹੈ।

ਗੁਆਂਢੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਸਾਰਾ ਦਿਨ ਬੱਚੇ ਦੇ ਚੀਕਣ ਤੇ ਫਿਰ ਰੋਣ ਦੀ ਆਵਾਜ਼ ਆਈ। ਕਈ ਗੁਆਂਢੀਆਂ ਨੇ ਦੱਸਿਆ ਕਿ ਇਹ ਸਿਲਸਿਲਾ ਕਈ ਮਹੀਨਿਆਂ ਤੋਂ ਚੱਲ ਰਿਹਾ ਸੀ। ਪੁਲਿਸ ਨੇ ਦੱਸਿਆ ਕਿ ਸਰੀਰਕ ਕੁੱਟ ਮਾਰ ਇਸ ਮੌਤ ਦਾ ਕਾਰਨ ਹੋ ਸਕਦਾ ਹੈ ਪਰ ਮੌਤ ਦੇ ਕਾਰਨ ਦੀ ਪੁਸ਼ਟੀ ਕੀਤੇ ਜਾਣ ਤੋਂ



ਪਹਿਲਾਂ ਪੁਲਿਸ ਪੋਸਟਮਾਰਟਮ ਦੇ ਨਤੀਜਿਆਂ ਦੀ ਉਡੀਕ ਕਰ ਰਹੀ ਹੈ। ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਪੋਸਟਮਾਰਟਮ ਸੋਮਵਾਰ ਨੂੰ ਸ਼ੁਰੂ ਹੋ ਗਿਆ ਸੀ ਪਰ ਇਸ ਦੇ ਮੰਗਲਵਾਰ ਨੂੰ ਇਸ ਦੇ ਪੂਰਾ ਹੋਣ ਦੀ ਸੰਭਾਵਨਾ ਹੈ।

ਇੱਕ ਗੁਆਂਢੀ ਨੇ ਆਖਿਆ ਕਿ ਉਹ ਇਸ ਹਾਦਸੇ ਕਾਰਨ ਕਾਫੀ ਪਰੇਸ਼ਾਨ ਹੈ। ਉਸ ਨੇ ਆਖਿਆ ਕਿ ਜਦੋਂ ਬੱਚੀ ਨੂੰ ਬਾਹਰ ਲਿਆਂਦਾ ਗਿਆ ਤਾਂ ਉਸ ਨੇ ਉਸ ਦੇ ਸਰੀਰ ਉੱਤੇ ਨੀਲ ਦੇ ਨਿਸ਼ਾਨ ਵੇਖੇ ਸਨ। ਪਰ ਪੁਲਿਸ ਵੱਲੋਂ ਇਸ ਜਾਣਕਾਰੀ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ। ਜਿਸ ਘਰ ਵਿੱਚ ਬੱਚੀ ਰਹਿੰਦੀ ਸੀ ਉਸ ਦੇ ਨਾਲ ਲੱਗਦੇ ਘਰ ਵਿੱਚ ਰਹਿਣ ਵਾਲੇ ਕਰੀਮ ਅਕੂਈ ਨੇ ਆਖਿਆ ਕਿ ਉਸ ਨੇ ਵੀ ਬੱਚੀ ਦੇ ਸਰੀਰ ਉੱਤੇ ਨੀਲ ਪਏ ਵੇਖੇ ਸਨ ਤੇ ਉਸ ਦੇ ਸਰੀਰ ਉੱਤੇ ਖੂਨ ਵੀ ਲੱਗਿਆ ਹੋਇਆ ਸੀ।

ਪੁਲਿਸ ਵੱਲੋਂ ਹੁਣ ਤੱਕ ਸੱਤ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਜਾ ਚੁੱਕੀ ਹੈ। ਗੁਆਂਢੀਆਂ ਨੇ ਇਹ ਵੀ ਦੱਸਿਆ ਕਿ ਇਸ ਘਰ ਵਿੱਚ ਵੱਡਾ ਪਰਿਵਾਰ ਰਹਿੰਦਾ ਸੀ। ਇਹ ਵੀ ਪਤਾ ਲੱਗਿਆ ਹੈ ਕਿ ਘਰ ਵਿੱਚ ਦੋ ਬੱਚੇ ਰਹਿੰਦੇ ਸਨ ਪਰ ਬੱਚੀ ਦੀ ਮੌਤ ਸਮੇਂ ਉਹ ਦੋਵੇਂ ਉੱਥੇ ਨਹੀਂ ਸਨ।

## ਕੀ ਓਨਟਾਰੀਓ ਵਿੱਚ ਕਰਫਿਊ ਲਾਉਣ ਦੀ ਤਿਆਰੀ ਕਰ ਰਹੇ ਹਨ ਫੋਰਡ?

ਓਨਟਾਰੀਓ, 5 ਜਨਵਰੀ (ਪੋਸਟ ਬਿਊਰੋ) : ਕੀ ਓਨਟਾਰੀਓ ਵਿੱਚ ਕਰਫਿਊ ਲਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ?

ਸੇਫਟੀ ਮਾਪਦੰਡਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਉਹ ਵੇਖਣਾ ਚਾਹੁੰਦੇ ਹਨ ਕਿ ਅਗਲੇ ਕੁੱਝ ਸਮੇਂ ਵਿੱਚ ਕੋਵਿਡ-19 ਦੇ ਮਾਮਲੇ ਕਿਸ ਪਾਸੇ ਜਾਂਦੇ ਹਨ। ਇੱਥੇ ਦੱਸਣਾ ਬਣਦਾ ਹੈ ਕਿ ਕਿਊਬਿਕ ਵਿੱਚ ਵੀ ਕਰਫਿਊ ਲਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ, ਜੋ ਕਿ ਕੈਨੇਡਾ ਵਿੱਚ ਆਪਣੀ ਕਿਸਮ ਦਾ ਪਹਿਲਾ ਮਾਮਲਾ ਹੈ। ਫੋਰਡ ਨੇ ਆਖਿਆ ਕਿ ਜੇ ਸਾਡੀ ਪ੍ਰੋਵਿੰਸ ਵਿੱਚ ਵੀ ਕੋਵਿਡ-19 ਦੇ ਮਾਮਲਿਆਂ ਵਿੱਚ ਵਾਧੇ ਦਾ ਇਹੋ ਹਾਲ ਰਿਹਾ ਤਾਂ ਸਾਨੂੰ ਵੀ ਕਿਊਬਿਕ ਦੀ ਤਰਜ਼ ਉੱਤੇ ਕਰਫਿਊ ਲਾਉਣਾ ਹੋਵੇਗਾ।



ਮੰਗਲਵਾਰ ਨੂੰ ਪ੍ਰੀਮੀਅਰ ਨੇ ਆਖਿਆ ਕਿ ਅਸੀਂ ਸਾਰੇ ਪੱਖ ਖੁੱਲ੍ਹੇ ਰੱਖ ਕੇ ਚੱਲ ਰਹੇ ਹਾਂ। ਉਨ੍ਹਾਂ ਆਖਿਆ ਕਿ ਉਹ ਆਉਣ ਵਾਲੇ ਇੱਕ ਦੋ ਦਿਨਾਂ ਵਿੱਚ ਪ੍ਰੀਮੀਅਰ ਲੀਗਾਲਟ ਨਾਲ ਵੀ ਵਿਚਾਰ ਵਟਾਂਦਰਾ ਕਰਨਗੇ। ਕੋਵਿਡ-19 ਦੇ ਮਾਮਲੇ ਕਿਊਬਿਕ ਵਿੱਚ ਵੀ ਧੜਾਧੜ ਵੱਧ ਰਹੇ ਹਨ ਤੇ ਇਸੇ ਲਈ ਸਰਕਾਰ ਰਾਤ ਭਰ ਦਾ ਕਰਫਿਊ ਲਾਉਣ ਉੱਤੇ ਵਿਚਾਰ ਕਰ ਰਹੀ ਹੈ।

ਫੋਰਡ ਨੇ ਆਖਿਆ ਕਿ ਇਹ ਕਰਫਿਊ ਲਾਉਣ ਦਾ ਅਸਲ ਕਾਰਨ ਲੋਕਾਂ ਦਾ ਇੱਕ ਦੂਜੇ ਨਾਲ ਸੰਪਰਕ ਹੋਰ ਘਟਾਉਣਾ ਹੈ। ਇਸ ਤੋਂ ਪਹਿਲਾਂ ਆਸਟਰੇਲੀਆ, ਪੈਰਿਸ, ਨਿਊ ਯੌਰਕ ਤੇ ਓਹਾਇਓ ਵੀ ਕਰਫਿਊ ਲਾ ਚੁੱਕੇ ਹਨ। ਜੇ ਕਰਫਿਊ ਲੱਗਦਾ ਹੈ ਤਾਂ ਇਹ ਮਹਾਂਮਾਰੀ ਸ਼ੁਰੂ ਹੋਣ ਤੋਂ ਬਾਅਦ ਕਿਊਬਿਕ ਦਾ ਪਹਿਲਾ ਕਰਫਿਊ ਹੋਵੇਗਾ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axcel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH Director
Toronto: 149-2960 Drew Road, Mississauga Winnipeg: 678 McphillipsStreet, Winnipeg

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Best INR Rate
Fastest Service
24x7 Service
Secure Transaction
Special Business Account
Send - Exchange - Receive
Toll Free: 1833 823 5439 | 647 783 0049

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks/Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished
Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
| US Singles $0.64/mile
| US Teams $0.66/mile
| Canadian teams $0.62/mile
LIGHT SPEED
Logistics Inc.
OUR FAMILY WELCOMES YOU
| U.S. Singles – Dedicated Truck
| Desirable Lanes to the U.S.
| U.S. Teams – New Dedicated Truck
| Canadian Teams – New Dedicated Truck
| Comprehensive Company Benefits
| Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਨਵੇਂ ਸਾਲ ਵਿੱਚ ਟੈਕਸ ਕਟੌਤੀਆਂ ਨਾਲ ਬਜ਼ੁਰਗਾਂ ਦੀ ਵਿੱਤੀ ਸਕਿਊਰਿਟੀ ਹੋਵੇਗੀ ਮਜ਼ਬੂਤ : ਸਹੋਤਾ

ਬਰੈਂਪਟਨ, 5 ਜਨਵਰੀ (ਪੋਸਟ ਬਿਊਰੋ) : ਬਰੈਂਪਟਨ ਨੌਰਥ ਤੋਂ ਮੈਂਬਰ ਪਾਰਲੀਆਮੈਂਟ ਰੂਬੀ ਸਹੋਤਾ ਵੱਲੋਂ ਜਾਰੀ ਕੀਤੀ ਗਈ ਰਲੀਜ਼ ਵਿੱਚ ਫੈਡਰਲ ਲਿਬਰਲ ਸਰਕਾਰ ਵੱਲੋਂ ਨਵੇਂ ਸਾਲ ਵਿੱਚ ਟੈਕਸਾਂ ਵਿੱਚ ਕੀਤੀ ਗਈ ਇੱਕ ਹੋਰ ਕਟੌਤੀ ਦਾ ਜ਼ਿਕਰ ਕੀਤਾ ਗਿਆ।



ਇਸ ਰਲੀਜ਼ ਵਿੱਚ ਆਖਿਆ ਗਿਆ ਕਿ ਇਸ ਟੈਕਸ ਕਟੌਤੀ ਨਾਲ ਮੱਧ ਵਰਗ ਤੇ ਸੀਨੀਅਰਜ਼ ਨੂੰ ਫਾਇਨਾਂਸ਼ੀਅਲ ਸਕਿਊਰਿਟੀ ਵਿੱਚ ਕਾਫੀ ਫਾਇਦਾ ਹੋਵੇਗਾ। ਜਦੋਂ ਫੈਡਰਲ ਲਿਬਰਲ ਸਰਕਾਰ ਵੱਲੋਂ ਬੇਸਿਕ ਪਰਸਨਲ ਐਮਾਊਂਟ ਵਿੱਚ ਕੀਤਾ ਗਿਆ ਵਾਧਾ 2023 ਵਿੱਚ ਪੂਰੀ ਤਰ੍ਹਾਂ ਲਾਗੂ ਹੋਵੇਗਾ ਤਾਂ 4.3 ਮਿਲੀਅਨ ਸੀਨੀਅਰਜ਼ ਨੂੰ ਸਿੱਧਾ ਫਾਇਦਾ ਹੋਵੇਗਾ। ਇਨ੍ਹਾਂ ਵਿੱਚ 465,000 ਉਹ ਸੀਨੀਅਰ ਵੀ ਸ਼ਾਮਲ ਹੋਣਗੇ ਜਿਨ੍ਹਾਂ ਦਾ ਫੈਡਰਲ ਇਨਕਮ ਟੈਕਸ ਘਟ ਕੇ ਸਿਫਰ ਹੋ ਜਾਵੇਗਾ। ਹਰ ਸਾਲ ਇੱਕਲੇ ਰਹਿਣ ਵਾਲੇ ਕੈਨੇਡੀਅਨ 300 ਡਾਲਰ ਤੇ ਜੋੜੇ 600 ਡਾਲਰ ਦੇ ਨੇੜੇ ਤੇੜੇ ਬਚਤ ਕਰ ਸਕਣਗੇ। ਇਸ ਬਚਤ ਨਾਲ ਬਜ਼ੁਰਗਾਂ ਨੂੰ ਆਪਣੇ ਰੋਜ਼ਮੱਰਾ ਦੇ ਖਰਚੇ ਪੂਰੇ ਕਰਨ, ਜਿਵੇਂ ਕਿ ਗ੍ਰੌਸਰੀ, ਹਾਈਡਰੋ ਤੇ ਡਲਿਵਰੀਜ਼ ਆਦਿ, ਵਿੱਚ ਮਦਦ ਮਿਲੇਗੀ।

ਇਹ ਲਿਬਰਲ ਸਰਕਾਰ ਦੀ ਬਜ਼ੁਰਗਾਂ ਦੀ ਜ਼ਿੰਦਗੀ ਨੂੰ ਹੋਰ ਕਿਫਾਇਤੀ ਬਣਾਉਣ ਦੀ ਯੋਜਨਾ ਦਾ ਹੀ ਹਿੱਸਾ ਹੈ। ਇਹ ਕੰਮ 2016 ਵਿੱਚ ਉਸ ਸਮੇਂ ਸ਼ੁਰੂ ਹੋਇਆ ਸੀ ਜਦੋਂ ਸਾਡੀ ਨਵੀਂ ਸਰਕਾਰ ਵੱਲੋਂ ਪਹਿਲਾ ਐਕਟ ਪਾਸ ਕੀਤਾ ਜਾਣਾ ਸੀ, ਜਿਸ ਨੂੰ ਮਿਡਲ ਕਲਾਸ ਟੈਕਸ ਕੱਟ ਵਜੋਂ ਜਾਣਿਆ ਗਿਆ। ਇਹ ਪਰਸਨਲ ਇਨਕਮ ਟੈਕਸ ਘਟਾਉਣ ਲਈ ਸੀ। ਇਸ ਨਾਲ ਪ੍ਰਭਾਵਿਤ ਕੈਨੇਡੀਅਨਾਂ ਨੂੰ ਸਾਲ ਦੇ 330 ਡਾਲਰ (ਇੱਕਲੇ ਰਹਿਣ ਵਾਲੇ)ਤੇ ਜੋੜੇ ਵਜੋਂ ਰਹਿਣ ਵਾਲੇ ਕੈਨੇਡੀਅਨਾਂ ਨੂੰ ਸਾਲ ਦੇ 540 ਡਾਲਰ ਦੀ ਬਚਤ ਹੋਈ। ਜਿਹੜੇ ਬਜ਼ੁਰਗ ਪਬਲਿਕ ਪੈਨਸ਼ਨ ਸਹਾਰੇ ਰਹਿੰਦੇ ਹਨ ਸਾਡੀ ਸਰਕਾਰ ਉਸ ਵਿੱਚ ਵੀ ਸੋਧ ਲਈ ਵਚਨਬੱਧ ਹੈ।

ਅਸੀਂ ਕੰਜ਼ਰਵੇਟਿਵ ਸਰਕਾਰ ਦੇ ਫੈਸਲੇ ਨੂੰ ਉਲਟਾਉਂਦਿਆਂ ਓਲਡ ਏਜ ਸਕਿਊਰਿਟੀ ਅਤੇ ਗਾਰੰਟੀਡ ਇਨਕਮ ਸਪਲੀਮੈਂਟ ਲਈ ਯੋਗ ਉਮਰ 67 ਤੋਂ 65 ਕਰ ਦਿੱਤੀ। ਇਸ ਨਾਲ ਬਜ਼ੁਰਗਾਂ ਦੀਆਂ ਜੇਬ੍ਹਾਂ ਵਿੱਚ ਹਜ਼ਾਰਾਂ ਡਾਲਰ ਪਏ। ਘੱਟ ਆਮਦਨ ਵਾਲੇ ਬਜ਼ੁਰਗਾਂ ਲਈ ਅਸੀਂ ਜੀਆਈਐਸ ਵਿੱਚ 947 ਡਾਲਰ ਦਾ ਵਾਧਾ ਕੀਤਾ। ਮਹਾਂਮਾਰੀ ਦੌਰਾਨ ਬਜ਼ੁਰਗਾਂ ਦੇ ਵਾਧੂ ਖਰਚੇ ਪੂਰੇ ਕਰਨ ਵਿੱਚ ਉਨ੍ਹਾਂ ਦੀ ਮਦਦ ਲਈ ਅਸੀਂ ਅਪਰੈਲ ਵਿੱਚ ਜੀਐਸਟੀ ਕ੍ਰੈਡਿਟ ਤੇ ਜੁਲਾਈ ਵਿੱਚ ਓਏਐਸ ਰਾਹੀਂ ਇੱਕ ਮੁਸ਼ਤ ਅਦਾਇਗੀਆਂ ਕੀਤੀਆਂ। ਘੱਟ ਆਮਦਨ ਵਾਲੇ ਜੋੜੇ ਲਈ ਸਾਂਝੇ ਤੌਰ ਉੱਤੇ ਇਹ 1500 ਡਾਲਰ ਤੋਂ ਉੱਪਰ ਦੀ ਰਕਮ ਬਣ ਗਈ, ਉਹ ਵੀ ਟੈਕਸ ਮੁਕਤ। ਅਸੀਂ ਭਵਿੱਖ ਵਿੱਚ ਰਿਟਾਇਰ ਹੋਣ ਵਾਲਿਆਂ ਲਈ ਕੈਨੇਡਾ ਪੈਨਸ਼ਨ ਪਲੈਨ ਦੇ ਵੱਧ ਤੋਂ ਵੱਧ ਸਾਲਾਨਾ ਬੈਨੇਫਿਟ ਨੂੰ 50 ਫੀ ਸਦੀ ਤੱਕ ਵਧਾਉਣ ਲਈ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨਾਲ ਰਲ ਕੇ ਕੰਮ ਕੀਤਾ। ਕਿਊਬਿਕ ਪੈਨਸ਼ਨ ਪਲੈਨ ਨੇ ਵੀ ਇਸ ਤਰ੍ਹਾਂ ਦੇ ਹੀ ਸੁਧਾਰ ਕੀਤੇ।

ਸਾਡੀਆਂ ਨੀਤੀਆਂ ਦੇ ਸਕਾਰਾਤਮਕ ਨਤੀਜੇ ਹਾਸਲ ਹੋ ਰਹੇ ਹਨ। 2015 ਵਿੱਚ ਜਦੋਂ ਲਿਬਰਲ ਸਰਕਾਰ ਨੇ ਸੱਤਾ ਸਾਂਭੀ ਸੀ ਤਾਂ ਉਸ ਸਮੇਂ ਬਜ਼ੁਰਗ ਗਰੀਬੀ ਨਾਲ ਜੂਝ ਰਹੇ ਸਨ। ਉਮਰ ਦੇ ਨਾਲ ਨਾਲ ਉਨ੍ਹਾਂ ਦੀਆਂ ਸੇਵਿੰਗਜ਼ ਖੁਰਦੀਆਂ ਜਾ ਰਹੀਆਂ ਸਨ, ਉਨ੍ਹਾਂ ਦੀ ਅਸਮਰੱਥਾ ਵਧਦੀ ਜਾ ਰਹੀ ਸੀ ਤੇ ਉਹ ਕੰਮ ਕਰਨ ਦੇ ਯੋਗ ਨਹੀਂ ਸਨ ਰਹਿ ਰਹੇ, ਇਸ ਤੋਂ ਇਲਾਵਾ ਉਨ੍ਹਾਂ ਦੇ ਹੈਲਥ ਕੇਅਰ ਖਰਚਿਆਂ ਵਿੱਚ ਵੀ ਵਾਧਾ ਹੋ ਰਿਹਾ ਸੀ। ਬਜ਼ੁਰਗਾਂ ਦੀ ਜ਼ਿੰਦਗੀ ਦੇ ਮਿਆਰ ਨੂੰ ਸੁਧਾਰਨ ਲਈ ਲਿਬਰਲ ਸਰਕਾਰ ਨੇ ਓਲਡ ਏਜ ਸਕਿਊਰਿਟੀ ਵਿੱਚ 10 ਫੀ ਸਦੀ ਤੱਕ ਵਾਧਾ ਕਰਨ ਦਾ ਤਹੱਈਆ ਦੁਹਰਾਇਆ ਹੈ। ਪਰ ਅਜੇ ਵੀ ਕਾਫੀ ਕੰਮ ਕਰਨਾ ਬਾਕੀ ਹੈ।

# ਐਮੇਜ਼ੌਨ ਨੇ ਵੈਸਟਜੈੱਟ ਤੋਂ ਖਰੀਦੇ 4 ਬੋਇੰਗ ਜਹਾਜ਼

ਕੈਲਗਰੀ, 5 ਜਨਵਰੀ (ਪੋਸਟ ਬਿਊਰੋ) : ਐਮੇਜ਼ੌਨ ਵੱਲੋਂ 11 ਬੋਇੰਗ 767-300 ਜਹਾਜ਼ ਖਰੀਦਣ ਦਾ ਐਲਾਨ ਕੀਤਾ ਗਿਆ ਹੈ। ਐਮੇਜ਼ੌਨ ਨੇ ਚਾਰ ਜਹਾਜ਼ ਕੈਲਗਰੀ ਸਥਿਤ ਵੈਸਟਜੈੱਟ ਤੋਂ ਵੀ ਖਰੀਦੇ ਹਨ।

ਆਨਲਾਈਨ ਰੀਟੇਲਰ ਅਨੁਸਾਰ ਇਹ ਜਹਾਜ਼ ਮਾਰਚ 2020 ਵਿੱਚ ਵੈਸਟਜੈੱਟ ਤੋਂ ਖਰੀਦੇ ਗਏ ਸਨ ਤੇ ਇਸ ਸਾਲ ਇਨ੍ਹਾਂ ਨੂੰ ਪੈਸੈਂਜਰ ਤੋਂ ਕਾਰਗੋ ਵਿੱਚ ਤਬਦੀਲ ਕੀਤੇ ਜਾਣ ਤੋਂ ਬਾਅਦ ਐਮੇਜ਼ੌਨ ਦੇ ਏਅਰ ਫਲੀਟ ਵਿੱਚ ਸ਼ਾਮਲ ਕੀਤਾ ਜਾਵੇਗਾ। ਇਨ੍ਹਾਂ ਜਹਾਜ਼ਾਂ ਨੂੰ ਕਿੰਨੇ ਵਿੱਚ ਖਰੀਦਿਆ ਗਿਆ ਇਸ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ।




ਐਮੇਜ਼ੌਨ ਨੇ ਆਖਿਆ ਕਿ ਬਾਕੀ ਦੇ ਸੱਤ ਜਹਾਜ਼ ਡੈਲਟਾ ਏਅਰ ਲਾਈਨਜ਼ ਤੋਂ ਖਰੀਦੇ ਗਏ ਹਨ।

ਮੰਗਲਵਾਰ ਨੂੰ ਜਾਰੀ ਕੀਤੇ ਗਏ ਬਿਆਨ ਵਿੱਚ ਐਮਜ਼ੌਨ ਗਲੋਬਲ ਏਅਰ ਦੀ ਵਾਈਸ ਪ੍ਰੈਜ਼ੀਡੈਂਟ ਸਾਰਾਹ ਰੋਡਜ਼ ਨੇ ਆਖਿਆ ਕਿ ਸਾਡਾ ਟੀਚਾ ਅਮਰੀਕਾ ਭਰ ਵਿੱਚ ਆਪਣੇ ਗਾਹਕਾਂ ਨੂੰ ਉਨ੍ਹਾਂ ਦੀਆਂ ਮੰਗਵਾਈਆਂ ਚੀਜ਼ਾਂ ਦੀ ਡਲਿਵਰੀ ਸਮੇਂ ਸਿਰ ਕਰਦੇ ਰਹਿਣਾ ਹੈ। ਅਸੀਂ ਚਾਹੁੰਦੇ ਹਾਂ ਕਿ ਐਮੇਜ਼ੌਨ ਤੋਂ ਜੋ ਸਾਡੇ ਗਾਹਕ ਉਮੀਦ ਕਰਦੇ ਹਨ ਅਸੀਂ ਉਨ੍ਹਾਂ ਉੱਤੇ ਖਰਾ ਉਤਰਨਾ ਚਾਹੁੰਦੇ ਹਾਂ। ਇਸ ਟੀਚੇ ਨੂੰ ਪੂਰਾ ਕਰਨ ਲਈ ਇਹ ਜਹਾਜ਼ ਖਰੀਦਣਾ ਸਾਡਾ ਕੁਦਰਤੀ ਚੁੱਕਿਆ ਜਾਣ ਵਾਲਾ ਕਦਮ ਸੀ।

# 2 ਟਰੈਕਟਰ ਟਰੇਲਰਜ਼ ਦੀ ਟੱਕਰ ਵਿੱਚ ਇੱਕ ਡਰਾਈਵਰ ਗੰਭੀਰ ਜ਼ਖ਼ਮੀ

ਓਨਟਾਰੀਓ, 5 ਜਨਵਰੀ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਹਾਈਵੇਅ 401 ਉੱਤੇ ਆਪਸ ਵਿੱਚ ਦੋ ਕਮਰਸ਼ੀਅਲ ਟਰਾਂਸਪੋਰਟ ਟਰੱਕਾਂ ਦੀ ਟੱਕਰ ਹੋ ਜਾਣ ਤੋਂ ਬਾਅਦ ਓਨਟਾਰੀਓ ਦੀ ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਅਨੁਸਾਰ, ਇੱਕ ਟਰੈਕਟਰ ਟਰੇਲਰ ਐਲਨ ਰੋਡ ਉੱਤੇ ਓਵਰਪਾਸ ਦੇ ਹੇਠਾਂ ਪੂਰਬ ਵੱਲ ਜਾ ਰਹੀਆਂ ਐਕਸਪ੍ਰੈੱਸ ਲੇਨਜ਼ ਦੇ ਸੱਜੇ ਪਾਸੇ ਪਾਰਕ ਕੀਤਾ ਹੋਇਆ ਸੀ। ਦੂਜਾ ਟਰੱਕ, ਜਿਹੜਾ ਹਾਈਵੇਅ ਦੇ ਨਾਲ ਜਾ ਰਿਹਾ ਸੀ ਰਾਤੀਂ 1:00 ਵਜੇ ਦੇ ਨੇੜੇ ਪਹਿਲੇ ਟਰੱਕ ਨਾਲ ਜਾ ਟਕਰਾਇਆ। ਦੂਜੇ ਟਰੱਕ ਦੀ ਜਦੋਂ ਖੜ੍ਹੇ ਹੋਏ ਪਹਿਲੇ ਟਰੱਕ ਨਾਲ ਟੱਕਰ ਹੋਈ ਤਾਂ ਉਹ ਪੁਲ ਨਾਲ ਵੀ ਜਾ ਟਕਰਾਇਆ।



ਦੂਜੇ ਟਰੱਕ ਦੇ ਡਰਾਈਵਰ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਮੌਕੇ ਉੱਤੇ ਪਹੁੰਚੇ ਅਮਲੇ ਨੂੰ ਟਰੱਕ ਕੱਟ ਕੇ ਡਰਾਈਵਰ ਨੂੰ ਮਲਬੇ ਵਿੱਚੋਂ ਕੱਢਣ ਲਈ ਘੱਟੋ ਘੱਟ ਇੱਕ ਘੰਟੇ ਦਾ ਸਮਾਂ ਲੱਗ ਗਿਆ। ਹਾਈਵੇਅ 401 ਦੀਆਂ ਪੂਰਬ ਵਾਲੀਆਂ ਲੇਨਜ਼ ਹਾਈਵੇਅ 400 ਤੋਂ ਐਲਨ ਰੋਡ ਤੱਕ ਬੰਦ ਰਹਿਣਗੀਆਂ।

# ਬ੍ਰਿਟੇਨ ਦੇ ਪ੍ਰਧਾਨ ਮੰਤਰੀ ਨੇ ਭਾਰਤ ਦੇ ਗਣਤੰਤਰ ਦਿਵਸ ਮੌਕੇ ਆਉਣ ਤੋਂ ਸਿਰ ਫੇਰਿਆ

## * ਕੋਰੋਨਾ ਦਾ ਕਾਰਨ ਦੱਸਿਆ, ਪਰ ਲੋਕਾਂ ਵਿੱਚ ਕਿਸਾਨ ਮੁੱਦੇ ਦੀ ਚਰਚਾ

ਨਵੀਂ ਦਿੱਲੀ, 6 ਜਨਵਰੀ, (ਪੋਸਟ ਬਿਊਰੋ)- ਅਗਲੀ 26 ਜਨਵਰੀ ਦੇ ਦਿਨ ਭਾਰਤ ਦੇ ਗਣਤੰਤਰ ਦਿਵਸ ਦੀ ਪਰੇਡ ਦੇ ਮੁੱਖ ਮਹਿਮਾਨ ਵਜੋਂ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੇ ਭਾਰਤ ਆਉਣਾ ਸੀ, ਇਹ ਦੌਰਾ ਰੱਦ ਕਰਨਾਪਿਆ ਹੈ। ਬ੍ਰਿਟੇਨ ਵਿੱਚ ਕੋਰੋਨਾ ਵਾਇਰਸ ਦੇ ਨਵੇਂ ਸਟ੍ਰੇਨ ਦੇ ਪਤਾ ਲੱਗਣ ਤੋਂ ਬਾਅਦ ਬੋਰਿਸ ਜੌਨਸਨ ਦੇ ਭਾਰਤ ਦੌਰੇ ਉੱਤੇ ਇਕ ਸ਼ੰਕਾ ਪੈਦਾ ਹੋ ਗਿਆ ਸੀ ਤੇ ਅੱਜ ਇਹ ਦੌਰਾ ਰੱਦ ਕਰਨ ਦਾ ਸੁਨੇਹਾ ਆ ਗਿਆ ਹੈ।

ਵਰਨਣ ਯੋਗ ਹੈ ਕਿ ਇਸ ਵਾਰ ਗਣਤੰਤਰ ਦਿਵਸ ਮੌਕੇ ਬੋਰਿਸ ਜੌਨਸਨ ਨੂੰ ਮੁੱਖ ਮਹਿਮਾਨ ਵਜੋਂ ਬੁਲਾਇਆ ਸੀ ਤਾਂ ਉਨ੍ਹਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸੱਦਾ ਪ੍ਰਵਾਨ ਕਰ ਲਿਆ ਸੀ। ਅੱਜਬ੍ਰਿਟੇਨ ਦੇ ਪ੍ਰਧਾਨ ਮੰਤਰੀ ਦਫਤਰ 10-ਡਾਊਨਿੰਗ ਸਟ੍ਰੀਟ ਦੇ ਇੱਕ ਬੁਲਾਰੇ ਨੇ ਕਿਹਾ ਕਿ 'ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਅੱਜ ਸਵੇਰੇ ਪ੍ਰਧਾਨ ਮੰਤਰੀ ਮੋਦੀ ਨਾਲ ਗੱਲਬਾਤ ਕੀਤੀਤੇ ਅਫਸੋਸ ਜ਼ਾਹਰ ਕਰਦਿਆਂ ਕਿਹਾ ਕਿ ਉਹ ਇਸ ਜਨਵਰੀ ਵਿੱਚ ਭਾਰਤ ਆਉਣ ਤੋਂ ਅਸਮਰੱਥ ਹਨ।' ਬੁਲਾਰੇ ਮੁਤਾਬਕ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਕਿਹਾ ਕਿ ਬ੍ਰਿਟੇਨ ਵਿੱਚ ਕੋਰੋਨਾ ਵਾਇਰਸ ਦੇ ਨਵੇਂ ਸਟ੍ਰੇਨ ਦੇ ਕਾਰਨ ਲੌਕਡਾਊਨ ਲਾਇਆ ਗਿਆ ਹੈ, ਇਸ ਮੌਕੇ ਉਨ੍ਹਾਂ ਨੂੰ ਆਪਣੇ ਦੇਸ਼ਦੇ ਵਿੱਚ ਰਹਿਣਾ ਪਏਗਾ।



ਇਸ ਵਕਤ ਬ੍ਰਿਟੇਨ ਕੋਰੋਨਾ ਵਾਇਰਸ ਦੇ ਨਵੇਂ ਸਟ੍ਰੇਨ ਕਾਰਨ ਸਖਤ ਲੌਕਡਾਊਨ ਵਿੱਚ ਹੈ ਤੇ ਇਸ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੇ ਖੁਦ ਕਿਹਾ ਸੀ ਕਿ ਇਹ ਇੰਨੀ ਤੇਜ਼ੀ ਨਾਲ ਫੈਲ ਰਿਹਾ ਹੈ ਕਿ ਇਹ ਬੜਾ ਦੁਖੀ ਕਰਨ ਵਾਲਾ ਤੇ ਚਿੰਤਾਜਨਕ ਹੈ ਤੇ ਇਸ ਸਮੇਂ ਦੇਸ਼ ਦੇ ਹਸਪਤਾਲਾਂ ਉੱਤੇ ਮਹਾਂਮਾਰੀ ਦਾ ਸਭ ਤੋਂ ਭਿਆਨਕ ਦਬਾਅ ਹੈ। ਇਸ ਹਾਲਤ ਵਿੱਚ ਉਨ੍ਹਾਂ ਦਾ ਦੌਰਾ ਰੱਦ ਹੋਣ ਦਾ ਬੇਸ਼ੱਕ ਜਾਇਜ਼ ਕਾਰਨ ਹੈ, ਪਰ ਕੁਝ ਲੋਕ ਇਸ ਤਰ੍ਹਾਂ ਭਾਰਤ ਦਾ ਦੌਰਾ ਰੱਦ ਕਰਨ ਨੂੰ ਭਾਰਤ ਵਿੱਚ ਚੱਲ ਰਹੇ ਕਿਸਾਨ ਸੰਘਰਸ਼ ਦੇ ਹਾਲਾਤ ਨਾਲ ਵੀ ਜੋੜ ਰਹੇ ਹਨ।

# ਮਿਸੀਸਾਗਾ ਦੇ ਮਾਲ ਵਿੱਚ ਇੱਕ ਵਿਅਕਤੀ ਉੱਤੇ ਕਈ ਲੋਕਾਂ ਨੇ ਕੀਤਾ ਹਮਲਾ

ਮਿਸੀਸਾਗਾ, 5 ਜਨਵਰੀ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਇੱਕ ਮਾਲ ਵਿੱਚ ਹੋਈ ਝੜਪ ਵਿੱਚ ਇੱਕ ਵਿਅਕਤੀ ਉੱਤੇ ਕਈ ਵਿਅਕਤੀਆਂ ਵੱਲੋਂ ਹਮਲਾ ਬੋਲ ਦਿੱਤਾ ਗਿਆ। ਇਸ ਨਾਲ ਉਹ ਵਿਅਕਤੀ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।




ਮੰਗਲਵਾਰ ਨੂੰ ਸਵੇਰੇ 9:00 ਵਜੇ ਐਗਲਿੰਟਨ ਐਵਨਿਊ ਈਸਟ ਤੇ ਡਿਕਸੀ ਰੋਡ ਏਰੀਆ ਵਿੱਚ ਸਾਊਥ ਗੇਟਵੇਅ ਰੋਡ ਮਾਲ ਉੱਤੇ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਉੱਤੇ ਕਈ ਮਸ਼ਕੂਕਾਂ ਨੇ ਹਮਲਾ ਕੀਤਾ ਤੇ ਇਸ ਦੌਰਾਨ ਕਿਸੇ ਹਥਿਆਰ ਦੀ ਵੀ ਵਰਤੋਂ ਕੀਤੀ ਗਈ।

ਜ਼ਖ਼ਮੀ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ। ਬਾਅਦ ਵਿੱਚ ਪੁਲਿਸ ਨੇ ਦੱਸਿਆ ਕਿ ਜ਼ਖ਼ਮੀ ਦੀ ਹਾਲਤ ਹੁਣ ਸਥਿਰ ਹੈ।

# ਭਾਰਤ ਵਿੱਚ ਸਿਆਸੀ ਤਲਖੀ ਦੌਰਾਨ 29 ਜਨਵਰੀ ਤੋਂ ਪਾਰਲੀਮੈਂਟ ਦਾ ਬਜਟ ਸੈਸ਼ਨ ਸ਼ੁਰੂ ਹੋਵੇਗਾ

ਨਵੀਂ ਦਿੱਲੀ, 6 ਜਨਵਰੀ, (ਪੋਸਟ ਬਿਊਰੋ)- ਕੋਵਿਡ-19 ਦੇ ਕਾਰਨ ਲਾਗੂ ਹੋਏ ਪ੍ਰੋਟੋਕਾਲ ਦੇ ਦੌਰਾਨ ਹੀ ਭਾਰਤ ਵਿੱਚ ਪਾਰਲੀਮੈਂਟ ਦਾ ਬਜਟ ਸੈਸ਼ਨ 29 ਜਨਵਰੀ ਤੋਂ ਸ਼ੁਰੂ ਹੋ ਕੇ ਪਹਿਲੀ ਫਰਵਰੀ ਨੂੰ ਸਾਲ 2021 ਦਾ ਬਜਟ ਪੇਸ਼ ਹੋਵੇਗਾ। ਰਾਸ਼ਟਰਪਤੀ ਰਾਮਨਾਥ ਕੋਵਿੰਦ ਵੱਲੋਂ ਪਾਰਲੀਮੈਂਟ ਦੇ ਦੋਵੇਂ ਸਦਨਾਂ ਵਿੱਚ ਸਾਂਝੇ ਭਾਸ਼ਣ ਨਾਲ ਸੈਸ਼ਨ ਸ਼ੁਰੂ ਹੋਵੇਗਾ ਤੇ ਇਸ ਦੇ ਵਿਚਇੱਕ ਪੜਾਅ 29 ਜਨਵਰੀ ਤੋ ਸ਼ੁਰੂ ਹੋ ਕੇ 15 ਫਰਵਰੀ ਤਕ ਚੱਲੇਗਾ ਤੇ ਦੂਸਰਾ ਪੜਾਅ ਛੁੱਟੀਆਂ ਤੋਂ ਬਾਅਦ 8 ਮਾਰਚ ਤੋਂ ਸ਼ੁਰੂ ਹੋਵੇਗਾ, ਜਿਹੜਾ 8 ਅਪ੍ਰੈਲ ਨੂੰ ਖਤਮ ਹੋਵੇਗਾ।



ਭਾਰਤ ਸਰਕਾਰ ਦੀ ਸਿਆਸੀ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਨੇ ਬਜਟ ਸੈਸ਼ਨ ਲਈ ਪ੍ਰੋਗਰਾਮ ਦੀ ਰੂਪ-ਰੇਖਾ ਤੈਅ ਕਰ ਦਿੱਤੀ ਹੈ, ਜਿਸ ਉੱਤੇ ਕੈਬਨਿਟ ਬੈਠਕ ਵਿੱਚ ਆਖਰੀ ਮੋਹਰ ਲੱਗੇਗੀ। ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਪਹਿਲੀ ਫਰਵਰੀ ਨੂੰ ਮੋਦੀ ਸਰਕਾਰ ਦੀ ਦੂਸਰੀ ਵਾਰੀ ਦਾ ਦੂਸਰਾ ਆਮ ਬਜਟ ਪੇਸ਼ ਕਰਨਗੇ ਤੇ ਲਗਾਤਾਰ ਤੀਸਰੀ ਵਾਰੀ ਬਜਟ ਪੇਸ਼ ਕਰਨ ਵਾਲੇ ਦੇਸ਼ ਦੇ ਪਹਿਲੇ ਮਹਿਲਾ ਖਜ਼ਾਨਾ ਮੰਤਰੀ ਬਣ ਜਾਣਗੇ। ਲੋਕ ਸਭਾ ਵਿੱਚ ਆਮ ਬਜਟ ਤੋਂ ਇਕ ਦਿਨ ਪਹਿਲਾਂ ਵਿੱਤ ਮੰਤਰੀ ਸੀਤਾਰਮਨ ਦੇਸ਼ ਦੀ ਆਰਥਿਕ ਹਾਲਤ ਦਾ ਸਾਲਾਨਾ ਆਰਥਿਕ ਸਰਵੇ ਪੇਸ਼ ਕਰਨਗੇ। ਰੇਲਵੇ ਬਜਟ ਪਹਿਲਾਂ ਸਰਕਾਰ ਵੱਲੋਂ ਆਮ ਬਜਟ ਦਾ ਹਿੱਸਾ ਬਣਾਇਆ ਜਾ ਚੁੱਕਾ ਹੈ, ਇਸ ਲਈ ਉਹ ਪੇਸ਼ ਨਹੀਂ ਹੋਵੇਗਾ।

ਇਸ ਵਕਤ ਭਾਰਤ ਵਿੱਚ ਖੇਤੀ ਸੁਧਾਰ ਕਾਨੂੰਨਾਂ ਦੇ ਖ਼ਿਲਾਫ਼ ਕਿਸਾਨਾਂ ਦੇ ਅੰਦੋਲਨ ਦੀ ਸਿਆਸੀ ਗਰਮੀ ਚੱਲ ਰਹੀਹੋਣ ਕਾਰਨ ਸਿਆਸੀ ਤਲਖੀ ਵੀ ਕਾਫੀ ਹੈ, ਜਿਸ ਦੌਰਾਨ ਹੋਣ ਜਾ ਰਹੇ ਬਜਟ ਇਜਲਾਸ ਵਿੱਚ ਸਿਆਸੀ ਪੱਖੋਂ ਗਹਿਮਾ-ਗਹਿਮੀ ਹੋਣ ਦਾ ਅੰਦਾਜ਼ਾ ਹੈ। ਪਹਿਲਾਂ ਕੋਵਿਡ-19 ਦਾ ਹਵਾਲਾ ਦੇ ਕੇ ਸਰਕਾਰ ਨੇ ਪਾਰਲੀਮੈਂਟ ਦਾ ਸਰਦ ਰੁੱਤ ਸੈਸ਼ਨ ਰੱਦ ਕਰਦਿੱਤਾ ਸੀ ਅਤੇ ਵਿਰੋਧੀ ਪਾਰਟੀਆਂ ਨੇ ਸਰਕਾਰ ਦੇ ਇਸ ਫ਼ੈਸਲੇ ਉੱਤੇਲੋਕਤੰਤਰੀ ਸਿਸਟਮਨੂੰਸੱਟ ਮਾਰਨ ਦਾ ਦੋਸ਼ ਲਾਇਆ ਸੀ। ਬਜਟ ਸੈਸ਼ਨਆਸ ਮੁਤਾਬਕ ਹੋਰਨਾਂ ਸਮਾਗਮਾਂ ਤੋਂ ਲੰਬਾ ਹੋਵੇਗਾ ਤੇ ਵਿਰੋਧੀ ਧਿਰ ਨੂੰ ਜਨਤਕ ਮੁੱਦੇ ਉਠਾਉਣ ਦਾ ਪੂਰਾ ਮੌਕਾ ਮਿਲੇਗਾ। ਉਂਜ ਜਾਪਦਾ ਹੈ ਕਿ ਕੋਰੋਨਾ ਮਹਾਮਾਰੀ ਦੇ ਕਾਰਨ ਮੌਨਸੂਨ ਸੈਸ਼ਨਵਾਂਗ ਬਜਟ ਇਸ ਸੈਸ਼ਨ ਦੌਰਾਨ ਵੀ ਲੋਕ ਸਭਾ ਅਤੇ ਰਾਜ ਸਭਾ ਦੀ ਕਾਰਵਾਈ ਵੱਖ-ਵੱਖ ਸ਼ਿਫਟਾਂ ਵਿੱਚ ਚਾਰ-ਚਾਰ ਘੰਟੇ ਹੋ ਸਕਦੀ ਹੈ ਤੇ ਸਰੀਰਕ ਦੂਰੀ ਦੇ ਨਿਯਮਾਂ ਕਾਰਨ ਰਾਜ ਸਭਾ ਦੀ ਕਾਰਵਾਈ ਸਵੇਰੇ ਤੇ ਲੋਕ ਸਭਾ ਦੀ ਦੁਪਹਿਰ ਬਾਅਦ ਹੋ ਸਕਦੀ ਹੈ।

# ਬ੍ਰਿਟੇਨ ਵਿੱਚ ਲੋਕਾਂ ਨੇ ਕੋਰੋਨਾ ਦੇ ਨਵੇਂ ਸਟ੍ਰੇਨ ਨੂੰ ਭਰਮ ਦੱਸਿਆ

ਲੰਡਨ, 5 ਜਨਵਰੀ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਕੋਰੋਨਾ ਦੇ ਨਵੇਂ ਸਟ੍ਰੇਨ ਨੇ ਸਰਕਾਰ ਨੂੰ ਪ੍ਰੇਸ਼ਾਨ ਕਰ ਦਿੱਤਾ ਹੈ ਅਤੇ ਸਰਕਾਰ ਇਨਫੈਕਸ਼ਨ ਨੂੰ ਫੈਲਣ ਤੋਂ ਰੋਕਣ ਦਾ ਹਰ ਸੰਭਵ ਯਤਨ ਕਰ ਰਹੀ ਹੈ, ਪਰ ਅਜਿਹਾ ਲੱਗਦਾ ਹੈ ਕਿ ਉਥੋਂ ਦੇ ਆਮ ਲੋਕਾਂ ਨੂੰ ਇਸ ਨਾਲ ਕੋਈ ਖਾਸ ਫਰਕ ਨਹੀਂ ਪੈਂਦਾ। ਇਹੀ ਕਾਰਨ ਹੈ ਕਿ ਨਵੇਂ ਸਾਲ ਦੇ ਮੌਕੇ 'ਤੇ ਲੋਕਾਂ ਨੇ ਇੱਕ ਹਸਪਤਾਲ ਦੇ ਬਾਹਰ ਕੋਰੋਨਾ ਨੂੰ ਭਰਮ ਦੱਸਦੇ ਹੋਏ ਖੂਬ ਹੰਗਾਮਾ ਕੀਤਾ।

ਅਸਲ ਵਿੱਚ ਬ੍ਰਿਟੇਨ ਵਿੱਚ ਸਭ ਤੋਂ ਵੱਡੀ ਸਮੱਸਿਆ ਲਾਕਡਾਊਨ ਹੇਠ ਲੋਕਾਂ ਵੱਲੋਂ ਨਿਯਮਾਂ ਦੀ ਖੁੱਲ੍ਹੀ ਉਲੰਘਣਾ ਕਰਨਾ ਹੈ। ਬੀਤੇ ਨੌਂ-ਦਸ ਮਹੀਨਿਆਂ ਤੋਂ ਕਈ ਦੇਸ਼ਾਂ ਵਿੱਚ ਦੇਖਿਆ ਗਿਆ ਹੈ ਕਿ ਲੋਕ ਲਾਕਡਾਊਨ ਅਤੇ ਪਾਬੰਦੀਆਂ ਤੋਂ ਤੰਗ ਆ ਕੇ ਨਿਯਮ ਨੂੰ ਤੋੜਨ ਲੱਗੇ ਹਨ ਅਤੇ ਪੁਲਸ ਦੇ ਸਖਤੀ ਕਰਨ 'ਤੇ ਝੜਪ ਦੀ ਨੌਬਤ ਆ ਜਾਂਦੀ ਹੈ। ਨਵੇਂ ਸਾਲ ਦੇ ਮੌਕੇ 'ਤੇ ਲਾਕਡਾਊਨ ਨਿਯਮਾਂ ਦੀਆਂ ਹਜ਼ਾਰਾਂ ਲੋਕਾਂ ਨੇ ਧੱਜੀਆਂ ਉਡਾ ਦਿੱਤੀਆਂ ਅਤੇ ਇੱਕ ਹਸਪਤਾਲ ਦੇ ਬਾਹਰ ਇਕੱਠੇ ਹੋ ਕੇ ਕੋਰੋਨਾ ਨੂੰ ਭਰਮ ਅਤੇ ਖੌਫ ਪੈਦਾ ਕਰਨ ਦਾ ਕਾਰਨ ਦੱਸਣ ਲੱਗੇ। ਲੋਕਾਂ ਨੇ ਨਿਯਮ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਲਾਕਡਾਊਨ ਅਤੇ ਸਖਤ ਪਾਬੰਦੀਆਂ ਦਾ ਵਿਰੋਧ ਕਰਦੇ ਲੋਕ ਹਸਪਤਾਲ ਦੇ ਬਾਹਰ ਨਾਅਰੇਬਾਜ਼ੀ ਕਰਨ ਲੱਗੇ ਅਤੇ ਐਲਾਨ ਕਰ ਦਿੱਤਾ ਕਿ ਉਹ ਕਿਸੇ ਨਿਯਮ ਨੂੰ ਨਹੀਂ ਮੰਨਣਗੇ। ਲੋਕਾਂ ਨੇ ਬਿਨਾਂ ਮਾਸਕ ਦੇ ਉਸ ਜਗ੍ਹਾ 'ਤੇ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਅਤੇ ਹੌਲੀ-ਹੌਲੀ ਸਮੁੰਦਰੀ ਕਿਨਾਰਿਆਂ ਸਮੇਤ ਹੋਰਨਾਂ ਥਾਵਾਂ 'ਤੇ ਪਾਰਟੀਆਂ ਸ਼ੁਰੂ ਕਰ ਦਿੱਤੀਆਂ।

# ਬਾਰਸ਼ ਦੇ ਕਾਰਨ ਕਿਸਾਨਾਂ ਦਾ ਅੱਜ ਵਾਲਾ ਮਾਰਚ ਸੱਤ ਜਨਵਰੀ ਉੱਤੇ ਪਾਇਆ ਗਿਆ

ਨਵੀਂ ਦਿੱਲੀ, 6 ਜਨਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਖਿਲਾਫ ਦਿੱਲੀਬਾਰਡਰਾਂ ਉੱਤੇਚੱਲ ਰਿਹਾ ਕਿਸਾਨ ਸੰਘਰਸ਼ ਲਗਾਤਾਰ ਜਾਰੀ ਹੈ। ਬੀਤੇ ਸੋਮਵਾਰ ਸਰਕਾਰ ਨੇ ਮੁੜ ਕੇ ਮੀਟਿੰਗ ਬੁਲਾਈ, ਪਰ ਉਸ ਵੇਲੇ ਫਿਰ ਕਿਸਾਨਾਂ ਨਾਲ ਗੱਲਬਾਤ ਦਾ ਕੋਈ ਨਤੀਜਾ ਨਹੀਂ ਨਿਕਲਿਆ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਉਹ ਉਦੋਂ ਤੱਕ ਸੰਘਰਸ਼ ਜਾਰੀ ਰੱਖਣਗੇ, ਜਦੋਂ ਤੱਕ ਸਰਕਾਰ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨ ਲੈਂਦੀ।



ਅੱਜ ਮੰਗਲਵਾਰ ਨੂੰ ਕਿਸਾਨ ਆਗੂਆਂ ਨੇ ਪ੍ਰੈਸ ਕਾਨਫਰੰਸ ਵਿਚ ਐਲਾਨ ਕੀਤਾ ਕਿ ਅਸੀਂ ਇਸ ਸੰਘਰਸ਼ ਨੂੰ ਹੋਰ ਵੱਡਾ ਰੂਪ ਦੇਣ ਵਾਲੇ ਹਾਂ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਸਾਡੇ ਨਾਲ ਵਾਰ-ਵਾਰ ਬੈਠਕਾਂ ਕਰਦੀ ਹੈ, ਪਰ ਕੋਈ ਸਿੱਟਾ ਨਹੀਂ ਨਿਕਲਦਾ। ਅਸੀਂ ਇਸ ਸੰਘਰਸ਼ ਵਿਚ 6 ਜਨਵਰੀ ਨੂੰ ਟਰੈਕਟਰ ਮਾਰਚ ਕਰਨਾ ਸੀ, ਪਰ ਬਾਰਸ਼ ਦੇ ਕਾਰਨ ਇਹ ਅਸੀਂ 7 ਜਨਵਰੀ ਨੂੰ ਕੇ ਐੱਮ ਪੀ (ਕੁੰਡਲੀ-ਮਾਨੇਸਰ-ਪਲਵਲ) ਐਕਸਪ੍ਰੈਸਵੇਅ ਦੇ ਦੁਆਲੇਕਰਾਂਗੇ। ਉਸ ਦਿਨਸਵੇਰੇ 11 ਵਜੇ ਇਕ ਪਾਸਿਉਂ ਕਿਸਾਨ ਟਰੈਕਟਰ ਮਾਰਚ ਲੈ ਕੇ ਟਿੱਕਰੀ ਬਾਰਡਰ ਤੋਂ ਚੱਲਣਗੇ, ਦੂਸਰੇ ਪਾਸੇ ਸਿੰਘੂ ਬਾਰਡਰ ਤੋਂ ਤੇ ਤੀਸਰੇ ਪਾਸੇ ਕੁੰਡਲੀ ਬਾਰਡਰ ਤੋਂ ਚੱਲਣਗੇ। ਉਨ੍ਹਾਂ ਕਿਹਾ ਕਿ 26 ਜਨਵਰੀ ਨੂੰ ਗਣਤੰਤਰ ਦਿਵਸ ਤੋਂ ਪਹਿਲਾਂ ਅਸੀਂ ਨਰਿੰਦਰ ਮੋਦੀ ਸਰਕਾਰ ਨੂੰ 7 ਜਨਵਰੀ ਨੂੰ ਹੋਣ ਵਾਲਾ ਟਰੈਕਟਰ ਮਾਰਚ ਟ੍ਰੇਲਰ ਵਜੋਂ ਪੇਸ਼ ਕਰਾਂਗੇ। ਉਨ੍ਹਾਂਨੇ ਸਰਕਾਰ ਨੂੰ ਚੁਣੌਤੀ ਦਿੰਦਿਆ ਕਿਹਾ ਕਿ 26 ਜਨਵਰੀ ਮੌਕੇ ਦਿੱਲੀ ਵਿਚ ਟਰੈਕਟਰ ਰੈਲੀ ਕੱਢਣ ਦੇ ਐਲਾਨ ਨੂੰ ਸਫ਼ਲ ਕਰਨ ਲਈ ਪੰਜਾਬ ਤੋਂ ਹਜ਼ਾਰਾਂ ਲੋਕ ਆਪਣੇ ਟਰੈਕਟਰ ਟਰਾਲੀਆਂ ਉੱਤੇ ਦਿੱਲੀ ਟਰੈਕਟਰ ਰੈਲੀ ਵਿਚ ਹਿੱਸਾ ਲੈਣਗੇ।


# ਦਸਵੇਂ ਗੁਰੂ ਸਾਹਿਬ ਦੇ ਨਗਰ ਕੀਰਤਨ ਵਿੱਚ ਭਾਜਪਾ ਆਗੂ ਨੂੰ ਸਿਰੋਪਾ ਦੇਣ ਤੋਂ ਹੰਗਾਮਾ

ਲੁਧਿਆਣਾ, 6 ਜਨਵਰੀ, (ਪੋਸਟ ਬਿਊਰੋ)- ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਵਾਸਤੇ ਸਜਾਏ ਗਏ ਨਗਰ ਕੀਰਤਨ ਦੌਰਾਨ ਇਸ ਜ਼ਿਲੇ ਦੇ ਪਾਇਲ ਕਸਬੇ ਦੇ ਵਾਰਡ ਨੰਬਰ 9 ਪਾਇਲ ਦੇ ਇੱਕ ਕਮੇਟੀ ਮੈਂਬਰ ਵਲੋਂ ਭਾਜਪਾ ਦੇ ਕਿਸਾਨ ਮੋਰਚੇ ਦੇ ਸੂਬਾ ਪ੍ਰਧਾਨ ਬਿਕਰਮਜੀਤ ਸਿੰਘ ਚੀਮਾ ਨੂੰ ਸਿਰੋਪਾਓ ਦੇਣਦੇ ਕਾਰਨ ਭਾਰੀ ਹੰਗਾਮਾ ਹੋ ਗਿਆ ਤੇ ਨਗਰ ਕੀਰਤਨ ਦੌਰਾਨ 'ਭਾਜਪਾ ਮੁਰਦਾਬਾਦ' ਦੇ ਨਾਅਰੇ ਲਾਏ ਗਏ।

ਇਸ ਮੌਕੇ ਅਕਾਲੀ ਆਗੂ ਭੁਪਿੰਦਰ ਸਿੰਘ ਚੀਮਾ ਖੁੱਲ੍ਹ ਕੇ ਭਾਜਪਾ ਆਗੂ ਬਿਕਰਮਜੀਤ ਸਿੰਘ ਚੀਮਾ ਦੇ ਹੱਕ ਵਿੱਚਆਇਆ ਤੇ ਉਸ ਨੇ ਚੀਮਾ ਨੂੰ ਸਿਰੋਪਾਓ ਦੇਣ ਦਾ ਵਿਰੋਧ ਕਰ ਰਹੇ ਨੌਜਵਾਨ ਤੋਂ ਮਾਈਕ ਖੋਹ ਲਿਆ। ਓਧਰ ਗੁਰਮਤਿ ਪ੍ਰਚਾਰ ਸੰਸਥਾ ਦੇ ਨੁਮਾਇੰਦੇ ਵੱਲੋਂ ਵਿਰੋਧ ਕਰਨ ਉੱਤੇ ਸਥਿਤੀ ਤਣਾਅ ਵਾਲੀ ਹੋ ਗਈ ਤੇ ਦੋਵੇਂ ਧਿਰਾਂ ਇੱਕ ਦੂਸਰੇ ਨਾਲ ਧੱਕਾ-ਮੁੱਕੀ ਵੀ ਹੋਈਆਂ। ਭਾਜਪਾ ਆਗੂ ਦੇ ਪੱਖ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਦੇ ਮੈਂਬਰ ਭੁਪਿੰਦਰ ਸਿੰਘ ਚੀਮਾ ਵੀ ਕਾਫੀ ਤਲਖੀ ਵਿੱਚ ਆ ਗਏ ਤੇ ਇੱਕ ਦੂਸਰੇ ਖਿਲਾਫ ਉੱਚੀ-ਉੱਚੀ ਬੋਲਦੇ ਰਹੇ। ਗੁਰਮਤਿ ਪ੍ਰਚਾਰ ਸੰਸਥਾ ਦੇ ਤੇਜਪਾਲ ਸਿੰਘ ਤੇਜੀ ਨੇ ਸਟੇਜ ਤੋਂ ਮਾਈਕ ਫੜ ਕੇ ਕਿਹਾ ਕਿ ਇੱਕ ਪਾਸੇ ਸਾਡੇ ਲੱਖਾਂ ਕਿਸਾਨ ਦਿੱਲੀ ਦੇ ਬਾਰਡਰਾਂ ਉੱਤੇ ਆਪਣੇ ਜਮਹੂਰੀ ਹੱਕਾਂ ਖਾਤਰ ਰੋਸ ਧਰਨੇ ਲਾ ਰਹੇ ਹਨ ਤੇ ਨਿੱਤ ਦਿਨ ਕਿਸਾਨ ਸ਼ਹੀਦ ਹੋ ਰਹੇ ਹਨ, ਦੂਸਰੇ ਪਾਸੇ ਭਾਜਪਾ ਪ੍ਰਧਾਨ ਬਿਕਰਮਜੀਤ ਸਿੰਘ ਚੀਮਾ ਵਰਗੇ ਸਵਾਰਥੀ ਲੋਕ ਆਪਣੀ ਅਹੁਦੇ ਛੱਡਣ ਨੂੰ ਤਿਆਰ ਨਹੀਂ ਹਨ।

ਸੋਸ਼ਲ ਮੀਡੀਆ ਉੱਤੇਵਾਇਰਲ ਹੋਈਅੱਜ ਦੀ ਘਟਨਾ ਦੀ ਵੀਡੀਓ ਵਿੱਚ ਭੁਪਿੰਦਰ ਸਿੰਘ ਚੀਮਾ ਇਹ ਕਹਿੰਦਾ ਹੈ ਕਿ ਬਿਕਰਮਜੀਤ ਮੇਰਾ ਭਰਾ ਹੈ, ਭਾਵੇਂ ਉਹ ਭਾਜਪਾ ਆਗੂ ਹੈ, ਪਰ ਉਹ ਕਿਸਾਨੀ ਮਸਲੇ ਦੇ ਹੱਲ ਲਈ ਲਗਾਤਾਰ ਯਤਨਸ਼ੀਲ ਰਿਹਾ ਹੈ।' ਇਸ ਮੌਕੇ ਦੋਵੇ ਧਿਰਾਂ ਦੀ ਆਪਸ ਵਿਚ ਕਾਫ਼ੀ ਦੇਰ ਬਹਿਸਬਾਜ਼ੀ ਹੁੰਦੀ ਰਹੀ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

## ਅੱਜ ਨਾਮਾ

ਆਈ ਲੰਡਨ ਤੋਂ ਮੋਦੀ ਲਈ ਖਬਰ ਮਾੜੀ,
ਆਉਣਾ ਜੌਨਸਨ ਦਾ ਹੋ ਗਿਆ ਰੱਦ ਬੇਲੀ।
ਛੱਬੀ ਜਨਵਰੀ ਗਣਤੰਤਰ ਪਰੇਡ ਦੇ ਲਈ,
ਲਿਆ ਸੀ ਮੋਦੀ ਨੇ ਚਾਅ ਨਾਲ ਸੱਦ ਬੇਲੀ।
ਮੋਰਚਾ ਏਧਰ ਕਿਸਾਨਾਂ ਦਾ ਬੁਰਾ ਭਖਿਆ,
ਚੁਪਾਸਿਓਂ ਦਿੱਲੀ ਦੀ ਮੱਲੀ ਹੈ ਹੱਦ ਬੇਲੀ।
ਆਉਂਦਾ ਜੌਨਸਨ ਤਾਂ ਆਪਣੇ ਦੇਸ਼ ਅੰਦਰ,
ਪਹਿਲਾਂ ਜਿਹਾ ਨਹੀਂ ਰਹਿੰਦੜਾ ਕੱਦ ਬੇਲੀ।
ਕਿਹਾ ਹੈ ਓਸ ਕੋਰੋਨਾ ਦਾ ਮਰਜ਼ ਵਧਿਆ,
ਸਕਦਾ ਮੁਲਕ ਮੈਂ ਅਜੇ ਨਹੀਂ ਛੋੜ ਬੇਲੀ।
ਹਾਮੀ ਭਰੀ ਜਦ ਓਸ ਨੇ ਆਉਣ ਦੀ ਸੀ,
ਓਦੋਂ ਵੀ ਪਤਾ ਸੀ ਇੱਦਾਂ ਦੀ ਲੋੜ ਬੇਲੀ।

ਤੀਸ ਮਾਰ ਖਾਂ

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕਿਸਾਨ ਮੁੱਦੇ ਬਾਰੇ ਪੰਜਾਬ ਦੇ ਦੋ ਭਾਜਪਾ ਆਗੂਆਂ ਨਾਲ ਮੀਟਿੰਗ

### * ਗਰੇਵਾਲ ਨੇ ਕਿਹਾ: ਪੰਜਾਬ ਵਿਧਾਨ ਸਭਾ ਚੋਣਾਂ ਪੂਰੇ ਬਹੁਮੱਤ ਨਾਲ ਜਿੱਤਾਂਗੇ

ਨਵੀਂ ਦਿੱਲੀ, 6 ਜਨਵਰੀ, (ਪੋਸਟ ਬਿਊਰੋ)- ਨਰਿੰਦਰ ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਰਾਜਧਾਨੀ ਦਿੱਲੀ ਦੇ ਬਾਰਡਰਾਂ ਉੱਤੇ ਚੱਲ ਰਹੇ ਕਿਸਾਨ ਸੰਘਰਸ਼ ਦੌਰਾਨ ਅੱਜ ਭਾਜਪਾ ਆਗੂਆਂ ਦੀ ਸੁਰ ਇਕ ਵਾਰ ਫਿਰ ਵਾਹਵਾ ਸਖਤ ਹੋ ਗਈ ਹੈ। ਅੱਜਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਪੰਜਾਬ ਦੇ ਦੋ ਵੱਡੇ ਭਾਜਪਾ ਆਗੂਆਂ ਸੁਰਜੀਤ ਕੁਮਾਰ ਜਿਆਣੀ ਤੇ ਹਰਜੀਤ ਸਿੰਘ ਗਰੇਵਾਲ ਦੀ ਇੱਕ ਵਿਸ਼ੇਸ਼ਮੀਟਿੰਗ ਹੋਈ, ਜਿਹੜੀ ਤਕਰੀਬਨ 3-4 ਘੰਟੇ ਚੱਲੀ ਅਤੇ ਇਸ ਉੱਤੇ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਸਨ। ਜਦੋਂ ਪੰਜਾਬ ਦੇ ਇਹ ਦੋਵੇਂ ਲੀਡਰ ਮੀਟਿੰਗ ਤੋਂ ਬਾਅਦ ਨਿਕਲੇ ਤਾਂ ਮੀਟਿੰਗ ਬਾਰੇ ਕੁਝ ਦੱਸਣ ਤੋਂ ਉਨ੍ਹਾਂ ਨੇ ਕੰਨੀ ਕਤਰਾਈ ਤੇ ਉਲਟਾਦੋਵਾਂ ਨੇ ਕਿਸਾਨੀ ਸੰਘਰਸ਼ ਉੱਤੇ ਸਵਾਲ ਉਠਾਉਣੇ ਸ਼ੁਰੂ ਕਰ ਦਿਤੇ ਅਤੇ ਅਗਲੀਆਂ ਪੰਜਾਬ ਅਸੈਂਬਲੀ ਚੋਣਾਂ ਜਿੱਤਣ ਦਾ ਦਾਅਵਾ ਕਰ ਦਿੱਤਾ।

ਪੰਜਾਬ ਦੇ ਸਾਬਕਾ ਮੰਤਰੀ ਅਤੇ ਭਾਜਪਾ ਆਗੂ ਸੁਰਜੀਤ ਕੁਮਾਰ ਜਿਆਣੀ ਤੇ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਕਿਸਾਨੀ ਸੰਘਰਸ਼ ਲੀਡਰਲੈੱਸ ਹੋ ਚੁੱਕਾ ਹੈ, ਗੱਲ ਕਿਸ ਨਾਲ ਕੀਤੀ ਜਾਵੇ। ਇਸ ਮੌਕੇਪੱਤਰਕਾਰਾਂ ਦੇ ਕਰੜੇ ਸਵਾਲਾਂ ਤੋਂ ਖਿਝ ਕੇ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਅਸੀਂ ਸਿਰਫ਼ ਅਪਣੇ ਲੀਡਰ ਦਾ ਅਸ਼ੀਰਵਾਦ ਲੈਣ ਗਏ ਸਾਂ, ਜੋ ਸਾਨੂੰ ਮਿਲ ਗਿਆ ਹੈ।



ਪ੍ਰਧਾਨ ਮੰਤਰੀ ਵਲੋਂ ਕਿਸਾਨ ਆਗੂਆਂ ਨਾਲ ਮਿਲਣ ਬਾਰੇ ਪੁਛੇ ਜਾਣ ਉੱਤੇ ਭਾਜਪਾ ਦੇ ਦੋਵਾਂ ਆਗੂਆਂਨੇ ਕਿਹਾਕਿ ਕਿਸਾਨੀ ਸੰਘਰਸ਼ ਇਸ ਵੇਲੇ ਲੀਡਰਲੈੱਸ ਹੋ ਚੁੱਕਾ ਹੈ। ਇਸ ਉੱਤੇ ਕਮਿਊਨਿਸਟਾਂ ਤੇ ਮਾਓਵਾਦੀ ਵਿਚਾਰਾਂ ਵਾਲਿਆਂ ਦਾ ਕਬਜ਼ਾ ਹੋ ਗਿਆ ਹੈ। ਜਦੋਂ ਤਕ ਅਸਲੀ ਕਿਸਾਨ ਆਗੂ ਸਾਹਮਣੇ ਨਹੀਂ ਆਉਂਦੇ, ਗੱਲ ਸਿਰੇ ਨਹੀਂ ਚੜ੍ਹਨੀ। ਸੁਰਜੀਤ ਕੁਮਾਰ ਜਿਆਣੀ ਨੇ ਕਿਹਾ ਕਿ 40 ਦੇ ਕਰੀਬ ਕਿਸਾਨ ਆਗੂ ਮੀਟਿੰਗ ਕਰਨਜਾਂਦੇ ਹਨ, ਕੁਝ ਲੋਕ ਮੀਡੀਆ ਵਾਲੇ ਹੋ ਜਾਂਦੇ ਹਨ, ਇਸ ਘੜਮੱਸ ਵਿਚ ਗੱਲ ਕਿਵੇਂ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਨੂੰ ਕੁਝਆਗੂ ਚੁਣ ਕੇ ਕਮੇਟੀ ਬਣਾ ਕੇ ਸਰਕਾਰ ਨਾਲ ਗੱਲਬਾਤ ਲਈ ਅੱਗੇ ਆਉਣਾ ਚਾਹੀਦਾ ਹੈ।

ਪੰਜਾਬ ਭਾਜਪਾ ਦੇ ਸੀਨੀਅਰ ਸਿੱਖ ਆਗੂ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ 2022 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਭਾਜਪਾ ਦੀ ਜਿੱਤ ਹੋਵੇਗੀ ਤੇ ਪਾਰਟੀ ਪੰਜਾਬ ਚੋਣਾਂ ਵਿੱਚ ਬਹੁਮੱਤ ਹਾਸਲ ਕਰੇਗੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੂਰੀ ਦੁਨੀਆਂ ਦੀ ਚਿੰਤਾ ਹੈ, ਉਹ ਅਪਣੇ ਦੇਸ਼ ਦੇ ਕਿਸਾਨਾਂ ਦੀ ਚਿੰਤਾ ਕਿਵੇਂ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਪੰਜਾਬ ਸਮੇਤ ਪੂਰੇ ਦੇਸ਼ ਦੇ ਹਾਲਾਤ ਦੀ ਜਾਣਕਾਰੀ ਹੈ।

# ਰਿਲਾਇੰਸ ਦੀ ਅਰਜ਼ੀ ਉੱਤੇ ਪੰਜਾਬ ਤੇ ਕੇਂਦਰ ਸਰਕਾਰਾਂ ਨੂੰ ਕੋਰਟ ਦਾ ਨੋਟਿਸ ਜਾਰੀ

ਚੰਡੀਗੜ੍ਹ, 6 ਜਨਵਰੀ, (ਪੋਸਟ ਬਿਊਰੋ)- ਭਾਰਤ ਵਿੱਚ ਚੱਲ ਰਹੇ ਕਿਸਾਨ ਸੰਘਰਸ਼ ਦੌਰਾਨਰਿਲਾਇੰਸ ਦੇ ਕੁਝ ਟਾਵਰਾਂ ਦੀ ਭੰਨਤੋੜ ਹੋਣ ਪਿੱਛੋਂ ਕੰਪਨੀ ਵੱਲੋਂ ਪੇਸ਼ ਕੀਤੀ ਗਈ ਪਟੀਸ਼ਨ ਉੱਤੇਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ 8 ਫਰਵਰੀ ਨੂੰ ਜਵਾਬ ਦੇਣ ਲਈ ਕਿਹਾ ਹੈ।

ਅੱਜ ਹਾਈ ਕੋਰਟ ਵਿੱਚ ਸੁਣਵਾਈ ਦੌਰਾਨ ਪੰਜਾਬ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਅਤੇ ਕੇਂਦਰ ਸਰਕਾਰ ਦੇ ਐਡੀਸ਼ਨਲ ਸਾਲਿਸਿਟਰ ਜਨਰਲ ਸੱਤਿਆਪਾਲ ਜੈਨ ਪੇਸ਼ ਹੋਏ। ਅਤੁਲ ਨੰਦਾ ਨੇ ਅਦਾਲਤ ਨੂੰ ਕਿਹਾ ਕਿ ਪੰਜਾਬ ਸਰਕਾਰ ਦੀਆਂ ਸਾਰੇ ਪੰਜਾਬ ਵਿੱਚ 1019 ਪੈਟਰੋਲ ਪਾਰਟੀਆਂ ਹਨ ਅਤੇ 22 ਨੋਡਲ ਅਧਿਕਾਰੀ ਨਿਯੁਕਤ ਕੀਤੇ ਗਏ ਹਨ ਤੇ ਉਹ ਟਾਵਰਾਂ ਨੂੰ ਹੋਏ ਨੁਕਸਾਨ ਦਾ ਜਾਇਜ਼ਾ ਲੈਣਗੇ ਅਤੇ ਉਨ੍ਹਾਂ ਉੱਤੇ ਨਜ਼ਰ ਰੱਖਣਗੇ।

ਵਰਨਣ ਯੋਗ ਹੈ ਕਿ ਰਿਲਾਇੰਸ ਜਿਓ ਇਨਫੋਕਾਮ ਲਿਮਟਿਡਨੇ ਬੀਤੇ ਸੋਮਵਾਰ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੱਕ ਪਹੁੰਚ ਕਰ ਕੇ ਉਨ੍ਹਾਂ ਲੋਕਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਸੀ, ਜਿਨ੍ਹਾਂ ਨੇ ਇਸ ਨੈੱਟਵਰਕਦੇ ਬੁਨਿਆਦੀ ਢਾਂਚੇ ਦਾ ਨੁਕਸਾਨ ਕੀਤਾ ਤੇ ਇਸਦੇ ਸਟੋਰ ਬੰਦ ਕਰਨ ਲਈ ਮਜਬੂਰ ਕੀਤਾ ਹੈ। ਕੰਪਨੀ ਨੇ ਇਸ ਮਾਮਲੇ ਵਿਚ ਪੰਜਾਬ ਰਾਜ (ਆਪਣੇ ਚੀਫ ਸੈਕਟਰੀ ਦੇ ਰਾਹੀਂ), ਕੇਂਦਰੀ ਗ੍ਰਹਿ ਮੰਤਰਾਲੇ ਤੇ ਟੈਲੀਕਾਮ ਵਿਭਾਗ ਨੂੰ ਧਿਰ ਬਣਾਇਆ ਹੈ। ਇਕ ਸਿਵਲ ਪਟੀਸ਼ਨ ਦਾਇਰ ਕਰ ਕੇ ਰਿਲਾਇੰਸ ਇੰਡਸਟਰੀਜ਼ ਦੀ ਇਕ ਕੰਪਨੀ ਨੇ ਸ਼ਰਾਰਤੀ ਅਨਸਰਾਂ ਵੱਲੋਂ ਉਨ੍ਹਾਂ ਵਿਰੁੱਧ 'ਸਵਾਰਥੀ ਤੇ ਨਿਰੰਤਰ ਘਟੀਆ ਪ੍ਰਚਾਰ ਮੁਹਿੰਮ' ਦੀ ਜਾਂਚ ਲਈ ਜਵਾਬਦੇਹ ਵਿਭਾਗਾਂ ਨੂੰ ਯੋਗ ਨਿਰਦੇਸ਼ ਦੇਣ ਦੀ ਬੇਨਤੀ ਕੀਤੀ ਹੈ।ਪਟੀਸ਼ਨ ਵਿਚ ਕੰਪਨੀ ਨੇ ਕਿਹਾ ਹੈ ਕਿ ਪਿਛਲੇ ਕੁਝ ਹਫ਼ਤਿਆਂ ਦੌਰਾਨ ਇਸ ਦੇ 1500 ਤੋਂ ਵੱਧ ਟੈਲੀਕਾਮ ਟਾਵਰਾਂ ਦਾ ਪੰਜਾਬ ਵਿਚ ਕੁਝ ਸ਼ਰਾਰਤੀ ਅਨਸਰਾਂ ਨੇ ਨੁਕਸਾਨ ਕੀਤਾ ਜਾਂ ਅਯੋਗ ਕਰ ਦਿੱਤਾਤੇ ਇਨ੍ਹਾਂ ਅਨਸਰਾਂ ਨੇ ਗੈਰ ਕਾਨੂੰਨੀ ਤਾਕਤ ਅਤੇ ਧਮਕੀਆਂ ਦੀ ਵਰਤੋਂ ਕਰ ਕੇ ਇਸਦੇ ਕੇਂਦਰਾਂ ਤੇ ਸਟੋਰਾਂ ਨੂੰ ਜ਼ਬਰਦਸਤੀ ਬੰਦ ਕਰਵਾਦਿੱਤਾਹੈ। ਕੰਪਨੀ ਨੇ ਇਹ ਵੀ ਦੋਸ਼ ਲਾਇਆ ਕਿ ਇਸਦੇ ਗਾਹਕਾਂ ਨੂੰ ਦੂਜੇ ਨੈਟਵਰਕਾਂ ਨੂੰ 'ਪੋਰਟ' ਕਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ ਤੇ ਇਸ ਦੇ ਮੁਲਾਜ਼ਮਾਂ ਦੀ ਜਾਨ ਨੂੰ ਖ਼ਤਰਾ ਹੈ।




ਰਿਲਾਇੰਸ ਦੀ ਪਟੀਸ਼ਨ ਅਨੁਸਾਰ ਕੁਝ ਲੋਕ ਪਟੀਸ਼ਨਰ ਅਤੇ ਇਸ ਦੀ ਮੁੱਢਲੀ ਕੰਪਨੀ ਰਿਲਾਇੰਸ ਇੰਡਸਟਰੀਜ਼ ਬਾਰੇਇਹ ਝੂਠੀਆਂ ਅਫਵਾਹਾਂ ਫੈਲਾ ਰਹੇ ਹਨ ਕਿ ਪਟੀਸ਼ਨਰ ਤੇ ਇਸ ਦੇ ਸਹਿਯੋਗੀ ਪਾਰਲੀਮੈਂਟਵੱਲੋਂ ਪਿੱਛੇ ਜਿਹੇ ਪਾਸ ਕੀਤੇ ਗਏ ਖੇਤੀਬਾੜੀ ਕਾਨੂੰਨਾਂ ਦਾ ਫਾਇਦਾ ਲੈਣਗੇ।ਪਟੀਸ਼ਨ ਦੇ ਮੁਤਾਬਕ ਸਵਾਰਥੀ ਹਿੱਤਾਂ ਵੱਲੋਂ ਚਲਾਈ ਗਈ ਪ੍ਰਚਾਰ ਮੁਹਿੰਮ ਕਾਰਨ ਕਾਰੋਬਾਰ ਤੇ ਪਟੀਸ਼ਨਰ ਦੀਆਂ ਜਾਇਦਾਦਾਂ ਨੂੰ ਸ਼ਰਾਰਤੀ ਅਨਸਰਾਂ ਨੇ ਨਿਸ਼ਾਨਾ ਬਣਾਇਆ ਅਤੇ ਇਸ ਦੇ ਨਤੀਜੇ ਵਜੋਂ ਪੰਜਾਬ ਵਿਚ ਉਸ ਦੇ ਬੁਨਿਆਦੀ ਢਾਂਚੇ ਨੂੰ ਭਾਰੀ ਨੁਕਸਾਨ ਦੇਣਾਲ ਸੈਂਕੜੇ ਕਰੋੜਾਂ ਰੁਪਏ ਨੁਕਸਾਨ ਹੋਇਆ ਹੈ। ਕੰਪਨੀ ਨੇ ਇਸ ਤੋਂ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਦੇ ਲਈ ਪੰਜਾਬ ਪ੍ਰੈਵੈਨਸ਼ਨ ਆਫ਼ ਡੈਮੇਜ ਟੂ ਪਬਲਿਕ ਐਂਡ ਪ੍ਰਾਈਵੇਟ ਪ੍ਰਾਪਰਟੀ ਐਕਟ ਹੇਠ ਇਕ ਯੋਗ ਅਥਾਰਟੀ ਕਾਇਮ ਕਰਨ ਦੀ ਬੇਨਤੀ ਵੀ ਕੀਤੀ ਹੈ।

# ਪੰਜਾਬ ਪੁਲਸ ਦੇ ਸਾਈਬਰ ਕਰਾਈਮ ਸੈੱਲ ਨੇ ਸਾਈਬਰ ਹੈਕਰਾਂ ਦਾ ਅੰਤਰਰਾਜੀ ਗੈਂਗ ਨੱਪਿਆ

ਚੰਡੀਗੜ੍ਹ, 6 ਜਨਵਰੀ, (ਪੋਸਟ ਬਿਊਰੋ)- ਮੁੱਖ ਮੰਤਰੀ ਪੰਜਾਬ ਦੇ ਚੀਫ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਦੇ ਫੇਸਬੁੱਕ ਅਕਾਊਂਟ ਨੂੰ ਹੈਕ ਕਰਨ ਵਾਲੇ 6 ਹੈਕਰਾਂ ਨੂੰ ਪੰਜਾਬ ਪੁਲਸ ਦੇ ਸਾਈਬਰ ਕਰਾਈਮ ਸੈੱਲ ਨੇਰਾਜਸਥਾਨ ਤੇ ਮੱਧ ਪ੍ਰਦੇਸ਼ ਤੋਂ ਗ੍ਰਿਫਤਾਰ ਕਰ ਲਿਆ ਹੈ। ਇਨ੍ਹਾਂਵਿੱਚੋਂ ਨਰਿੰਦਰ ਸਿੰਘ, ਗੁਲਾਬ ਸਿੰਘ, ਭਾਗ ਸਿੰਘ ਤੇ ਰਮਨ ਰਾਜਸਥਾਨ ਦੇ ਰਹਿਣ ਵਾਲੇ ਅਤੇ ਦਿਨੇਸ਼ ਅਤੇ ਰਾਹੁਲ ਮੱਧ ਪ੍ਰਦੇਸ਼ ਦੇ ਵਾਸੀ ਹਨ। ਇੱਕ ਦੋਸ਼ੀ ਫਰਾਰ ਹੈ। ਇਸ ਗੈਂਗ ਨਾਲ ਜੁੜੇ ਹੋਏ ਦੋਸ਼ੀ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿੱਚਸਾਈਬਰ ਅਪਰਾਧ ਚਲਾਉਂਦੇ ਸਨ। ਪੰਜਾਬ ਪੁਲਸ ਨੂੰ ਦੋਸ਼ੀਆਂ ਤੋਂ ਕਈ ਏ ਟੀ ਐਮ ਕਾਰਡ, ਨਕਦੀ, ਸਿਮ ਅਤੇ ਇੱਕ ਪੀਓਐਸ (ਪੁਆਇੰਟ ਆਫ ਸੇਲ) ਮਸ਼ੀਨ ਮਿਲੀ ਹੈ।



ਇਸ ਬਾਰੇ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਡਾਇਰੈਕਟਰ-ਕਮ-ਏ ਡੀ ਜੀ ਪੀ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਇਨ੍ਹਾਂਲੋਕਾਂਨੇਫੇਸਬੁੱਕ ਉੱਤੇ ਫਰਜ਼ੀ ਅਕਾਊਂਟ ਬਣਾਇਆ ਸੀ, ਜਿਸ ਦਾ ਨਾਮ ਸੁਰੇਸ਼ ਨਾਂਗੀਆ, ਚੀਫ ਪ੍ਰਿੰਸੀਪਲ ਸੈਕਟਰੀ/ ਚੀਫ ਮਨਿ-ਸਟਰ ਪੰਜਾਬ ਰੱਖਿਆ ਸੀ। ਉਹ ਇਸ ਫਰਜ਼ੀ ਅਕਾਊਂਟ ਉੱਤੋਂ ਖੁਦ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਚੀਫ ਪ੍ਰਿੰਸੀਪਲ ਸੈਕਟਰੀ ਦੱਸ ਕੇ ਲੋਕਾਂ ਤੋਂ ਧੋਖੇ ਨਾਲ ਪੈਸੇ ਮੰਗਣ ਦੀ ਧਾਂਦਲੀ ਕਰਦੇ ਸਨ। ਸ਼ੁਕਲਾ ਨੇ ਕਿਹਾ ਕਿ ਚੀਫ ਪ੍ਰਿੰਸੀਪਲ ਸੈਕਟਰੀਸੁਰੇਸ਼ ਕੁਮਾਰ ਦੇ ਫੇਸਬੁੱਕ ਅਕਾਊਂਟ ਨੂੰ ਹੈਕ ਕਰਨ ਦਾ ਪਤਾ ਲੱਗਣ ਉੱਤੇ ਪੰਜਾਬ ਪੁਲਸ ਦੇ ਮੁਖੀ ਦਿਨਕਰ ਗੁਪਤਾ ਨੇ ਏ ਆਈ ਜੀ, ਸਟੇਟ ਸਾਈਬਰ ਕਰਾਈਮ ਇੰਦਰਵੀਰ ਸਿੰਘ ਦੀ ਨਿਗਰਾਨੀ ਹੇਠ ਤਿੰਨ ਟੀਮਾਂ ਬਣਾ ਕੇ ਇਨ੍ਹਾਂ ਨੂੰ ਜਾਂਚ ਲਈ ਉੱਤਰ ਪ੍ਰਦੇਸ਼ ਰਾਜਸਥਾਨ ਅਤੇ ਮੱਧ ਪ੍ਰਦੇਸ਼ ਭੇਜਿਆ ਸੀ। ਆਪਰੇਸ਼ਨ ਦੀ ਨਿਗਰਾਨੀ ਸਾਈਬਰ ਕਰਾਈਮ ਦੇ ਏ ਆਈ ਜੀ ਇੰਦਰਬੀਰ ਸਿੰਘ ਨੇ ਕੀਤੀ ਅਤੇ ਇਸਵਿੱਚ ਸਬ-ਇੰਸਪੈਕਟਰ ਵਿਕਾਸ ਭਾਟੀਆ ਨੇ ਅਹਿਮ ਭੂਮਿਕਾ ਨਿਭਾਈ। ਸ਼ੁਕਲਾ ਨੇ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਮੱਧ ਪ੍ਰਦੇਸ ਦੇ ਵਸਨੀਕ ਦਿਨੇਸ਼ ਅਤੇ ਰਾਹੁਲ ਦੋਵੇਂ ਜਾਣੇ ਮਦਨ ਲਾਲ ਦੇ ਭਤੀਜੇ ਹਨ, ਜਿਨ੍ਹਾਂ ਨੇ ਮਦਨ ਲਾਲ ਦੇ ਆਈ-ਕਾਰਡ ਦੀ ਵਰਤੋਂ ਕਰਕੇ ਉਸ ਦੇ ਨਾਂਦਾ ਬੈਂਕ ਖਾਤਾ ਖੋਲ੍ਹਣ ਲਈ ਯਤਨ ਕੀਤੇ ਸਨ, ਤਾਂ ਜੋ ਧੋਖਾਧੜੀ ਵਿਚ ਮਿਲੇ ਪੈਸੇ ਇਸ ਖਾਤੇ ਰਾਹੀਂ ਵਸੂਲੇ ਜਾ ਸਕਣ। ਪੁਲਿਸ ਟੀਮ ਨੇ ਦੋਸ਼ੀ ਨਰਿੰਦਰ ਸਿੰਘ ਦਾ ਪਤਾ ਲਾਇਆ ਹੈ, ਜਿਸ ਦੇ ਖਾਤੇ ਵਿੱਚ ਗੈਰਕਾਨੂੰਨੀ ਪੈਸਾ ਜਮ੍ਹਾਂ ਕੀਤਾ ਗਿਆ ਸੀ ਤੇ ਉਸ ਨੂੰ ਰਾਜਸਥਾਨ ਦੇ ਭਰਤਪੁਰ ਤੋਂ ਗ੍ਰਿਫਤਾਰ ਕਰ ਲਿਆ ਗਿਆ ਹੈ।

ਅਰਪਿਤ ਸ਼ੁਕਲਾ ਨੇ ਕਿਹਾ, ਜਾਂਚ ਵਿੱਚ ਗੈਂਗ ਦੇ ਇਕ ਮੈਂਬਰ ਗੁਲਾਬ ਸਿੰਘ ਨੂੰ ਫੜਿਆ ਗਿਆ, ਜਿਸ ਤੋਂਬੈਂਕਾਂ ਦੇ ਖਾਤਿਆਂ ਦੇ ਵੱਡੇ ਰੈਕੇਟ ਦਾ ਖੁਲਾਸਾ ਹੋਇਆ। ਸ਼ੁਕਲਾ ਨੇ ਕਿਹਾ ਕਿ ਇਨ੍ਹਾਂ ਬੈਂਕ ਖਾਤਿਆਂ ਨੂੰ ਵੱਖ-ਵੱਖ ਘੁਟਾਲਿਆਂ, ਜਿਵੇਂ ਓਐਲ ਐਕਸ ਘੁਟਾਲੇ, ਫੇਸਬੁੱਕ ਘੁਟਾਲੇ, ਸੈਕਸ ਘੁਟਾਲੇ ਤੇ ਕਿਸੇ ਵੀ ਕਿਸਮ ਦੇ ਨਾਜਾਇਜ ਜਾਂ ਧੋਖਾਧੜੀ ਨਾਲ ਕਮਾਏ ਪੈਸੇ ਰੱਖਣ ਲਈ ਵਰਤਿਆ ਜਾਂਦਾ ਸੀ, ਜਿਸ ਵਿੱਚ ਕੁਝ ਬੈਂਕ ਕਰਮਚਾਰੀਆਂ ਦੀ ਮਿਲੀਭੁਗਤ ਹੋ ਸਕਦੀ ਹੈ।

# ਵੀਡੀਓ ਕਾਲ ਰਾਹੀਂ ਨਰਸ ਦੀ ਮਦਦ ਨਾਲ ਬੱਚੇ ਦਾ ਜਨਮ

ਮਿਲਾਨ, 5 ਜਨਵਰੀ (ਪੋਸਟ ਬਿਊਰੋ)- ਇਟਲੀ ਦੇ ਸ਼ਹਿਰ ਬਲੋਨੀਆ ਦੇ ਕਸਬੇ ਕਰੇਵਲਕੋਰ 'ਚ ਸੋਸ਼ਲ ਮੀਡੀਆ ਰਾਹੀਂ ਨਰਸ ਦੀ ਮਦਦ ਨਾਲ ਇੱਕ ਔਰਤ ਨੇ ਬੱਚੇ ਨੂੰ ਜਨਮ ਦਿੱਤਾ ਹੈ। ਇਸ ਜਣੇਪੇ ਦੇ ਦੌਰਾਨ ਉਸ ਬੱਚੇ ਦੇ ਪਿਤਾ ਨੇ ਉਸ ਨਰਸ ਦਾ ਪੂਰਾ ਸਾਥ ਦਿੱਤਾ ਅਤੇ ਜਣੇਪਾ ਸਿਰੇ ਚਾੜ੍ਹਿਆ।

ਨਰਸ ਐਲਿਸਾ ਨਾਵਾ ਅਨੁਸਾਰ ਇੱਕ ਅਤੇ ਦੋ ਜਨਵਰੀ ਦੀ ਰਾਤ ਨੂੰ ਤਕਰੀਬਨ ਡੇਢ ਵਜੇ ਉਸ ਦੀ ਸਾਥੀ ਨਰਸ ਨੂੰ ਇੱਕ ਫੋਨ ਆਇਆ, ਜਿਸ ਨੇ ਜਾਣਕਾਰੀ ਲਈ ਪੁੱਛਿਆ ਕਿ ਕੀ ਉਹ ਆਪਣੀ ਪਤਨੀ ਨੂੰ ਇਸ ਹਾਲ ਵਿੱਚ ਹਸਪਤਾਲ ਲਿਜਾ ਸਕਦਾ ਹੈ। ਨਰਸ ਦੱਸਦੀ ਹੈ ਕਿ ਮੇਰੇ ਸਹਿਯੋਗੀ ਨੇ ਸਮਝ ਲਿਆ ਕਿ ਸ਼ਾਇਦ ਘਰ ਰਹਿਣਾ ਹੀ ਬਿਹਤਰ ਹੋਵੇਗਾ ਹਾਲਾਂਕਿ ਐਮਰਜੈਂਸੀ ਵਾਹਨ ਭੇਜ ਦਿੱਤੇ ਗਏ ਤੇ ਨਰਸ ਐਲਿਸਾ ਨਾਵਾ ਨੇ ਉਸ ਵਿਅਕਤੀ ਨੂੰ ਫਲੈਗਮੀ (ਸੋਸ਼ਲ ਮੀਡੀਆ ਐਪ) ਨੂੰ ਸਰਗਰਮ ਕਰਨ ਲਈ ਕਿਹਾ। ਵੀਡੀਓ ਕਾਲ ਦੇ ਸ਼ੁਰੂ ਹੋਣ ਤੋਂ ਸਿਰਫ 12 ਮਿੰਟਾਂ ਵਿੱਚ ਬੱਚਾ ਪੈਦਾ ਹੋ ਗਿਆ। ਪੈਦਾ ਹੋਏ ਬੱਚੇ ਦਾ ਨਾਂਅ ਅਲੈਕਸ ਰੱਖਿਆ ਗਿਆ, ਜਿਸ ਦਾ ਵਜ਼ਨ 2.8 ਕਿੱਲੋ ਸੀ ਅਤੇ ਐਤਵਾਰ ਨੂੰ ਕਲੋਨੀਆਂ ਦੇ ਹਸਪਤਾਲ ਵਿੱਚ ਇਹ ਨਰਸ ਉਸ ਬੱਚੇ ਨੂੰ ਖੁਦ ਮਿਲੀ।ਬੱਚੇ ਦੇ ਪਿਤਾ ਮੇਤੇਉ ਨੇ ਇੱਕ ਵੀਡੀਓ ਵਿੱਚ ਕਿਹਾ ਕਿ ਐਲਿਸਾ ਦਾ ਹੋਣਾ ਜ਼ਰੂਰੀ ਸੀ, ਜਿਸ ਨੇ ਸਾਡੀ ਮਦਦ ਕੀਤੀ ਕਿਉਂਕਿ ਸਾਨੂੰ-ਬਲਕੁਲ ਨਹੀਂ ਪਤਾ ਸੀ ਕਿ ਕੀ ਕਰਨਾ ਹੈ, ਅਸੀਂ ਪੂਰੀ ਤਰ੍ਹਾਂ ਘਬਰਾ ਗਏ ਸੀ। ਬਲੋਨੀਆ ਆਰਡਰ ਆਫ ਨਰਸ ਅਤੇ ਸਟੇਟ ਕੋਆਰਡੀਨੇਸ਼ਨ ਦੇ ਮੁਖੀ ਪੇਤਰੋ ਜਿਰਦਾਨੇਲਾ ਨੇ ਕਿਹਾ ਕਿ ਇਸ ਸਾਰੇ ਘਟਨਾ ਚੱਕਰ ਦਾ ਅੰਤ ਖੁਸ਼ੀ ਵਾਲਾ ਹੋਣ ਲਈ ਯੋਗ ਸਿਹਤ ਕਰਮਚਾਰੀਆਂ ਦੀ ਸਹੀ ਪ੍ਰਕਿਰਿਆ ਅਤੇ ਪ੍ਰਬੰਧਕਾਂ ਦੀ ਕਾਰਜਸ਼ੀਲਤਾ ਅਹਿਮ ਹਨ।

# ਛੱਤ ਪਾੜ ਕੇ ਲੁਟੇਰੇ ਬੈਂਕ ਵਿੱਚੋਂ 12 ਬੋਰ ਦੀ ਰਾਈਫ਼ਲ ਤੇ 12 ਜ਼ਿੰਦਾ ਕਾਰਤੂਸ ਲੈ ਗਏ

ਚੋਹਲਾ ਸਾਹਿਬ, 5 ਜਨਵਰੀ (ਪੋਸਟ ਬਿਊਰੋ)- ਕੱਲ੍ਹ ਰਾਤ ਕੁਝ ਲੁਟੇਰਿਆਂ ਵੱਲੋਂ ਚੋਹਲਾ ਸਾਹਿਬ ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੀ ਛੱਤ ਨੂੰ ਪਾੜ ਕੇ ਬੈਂਕ ਵਿੱਚ ਰੱਖੀ ਇੱਕ 12 ਬੋਰ ਰਾਈਫ਼ਲ, 12 ਕਾਰਤੂਸ ਅਤੇ ਇੱਕ ਪ੍ਰਿੰਟਰ ਨੂੰ ਚੋਰੀ ਕਰ ਲਏ ਜਾਣ ਦੀ ਖਬਰ ਦੇ ਬਾਅਦ ਪੁਲਸ ਇਸ ਦੀ ਜਾਂਚ ਕਰ ਰਹੀ ਹੈ।

ਇਸ ਬਾਰੇ ਬੈਂਕ ਦੇ ਮੈਨੇਜਰ ਰਸ਼ਪਾਲ ਸਿੰਘ ਨੇ ਦਸਿਆ ਕਿ ਉਹ ਰੋਜ਼ ਵਾਂਗ ਕੱਲ੍ਹ ਬੈਂਕ ਦਾ ਕੰਮ ਸਮੇਟ ਕੇ ਬੈਂਕ ਦਾ ਦਰਵਾਜ਼ਾ ਬੰਦ ਕਰਕੇ ਗਏ ਸਨ। ਜਦ ਉਨ੍ਹਾਂ ਦੇ ਕਰਮਚਾਰੀ ਨੇ ਸਵੇਰੇ ਬੈਂਕ ਦਾ ਦਰਵਾਜ਼ਾ ਖੋਲ੍ਹਿਆ ਤਾਂ ਸਾਰਾ ਸਮਾਨ ਖਿਲਰਿਆ ਹੋਇਆ ਸੀ ਅਤੇ ਬੈਂਕ ਦੇ ਸੁਰੱਖਿਆ ਗਾਰਡ ਦੀ 12 ਬੋਰ ਦੀ ਰਾਈਫ਼ਲ ਅਤੇ 12 ਜ਼ਿੰਦਾ ਕਾਰਤੂਸ, ਜੋ ਉਹ ਬੈਂਕ ਵਿੱਚ ਛੱਡ ਜਾਂਦਾ ਸੀ, ਗ਼ਾਇਬ ਸਨ। ਇਸ ਤੋਂ ਇਲਾਵਾ ਬੈਂਕ ਦਾ ਇੱਕ ਪ੍ਰਿੰਟਰ ਵੀ ਉਥੇ ਨਹੀਂ ਸੀ ਜਿਸ ਸਬੰਧੀ ਉਨ੍ਹਾਂ ਨੇ ਪੁਲਸ ਥਾਣਾ ਚੋਹਲਾ ਸਾਹਿਬ ਵਿਖੇ ਦਰਖ਼ਾਸਤ ਦੇ ਦਿੱਤੀ ਹੈ।

ਥਾਣਾ ਚੋਹਲਾ ਸਾਹਿਬ ਦੇ ਐਸ ਐਚ ਓ ਯਾਦਵਿੰਦਰ ਸਿੰਘ ਬਰਾੜ ਨੇ ਦਸਿਆ ਕਿ ਲੁਟੇਰਿਆਂ ਨੇ ਇਹ ਵਾਰਦਾਤ ਰਾਤ 11.00 ਵਜੇ ਦੇ ਕਰੀਬ ਕੀਤੀ ਸੀ। ਉਨ੍ਹਾਂ ਦਸਿਆ ਕਿ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ਼ ਤੋਂ ਸਾਹਮਣੇ ਆਇਆ ਹੈ ਕਿ ਇੱਕ ਲੁਟੇਰਾ, ਜਿਸ ਨੇ ਆਪਣੇ ਹੱਥ ਵਿੱਚ ਟਾਰਚ ਫੜੀ ਸੀ, ਤਕਰਬੀਨ 11.00 ਵਜੇ ਬੈਂਕ ਦੇ ਉਪਰਲੀ ਮੱਮਟੀ ਦੀ ਛੱਤ ਪਾੜ ਕੇ ਬੈਂਕ ਵਿੱਚ ਵੜਿਆ ਅਤੇ ਲੱਗਭਗ 12.30 ਵਜੇ ਤੱਕ ਬੈਂਕ ਵਿੱਚ ਤੋੜਭੰਨ ਕਰਦਾ ਰਿਹਾ। ਸੀ ਸੀ ਟੀ ਵੀ ਕੈਮਰਿਆਂ ਤੋਂ ਮਿਲੀ ਫੁਟੇਜ਼ ਤੋਂ ਸਾਹਮਣੇ ਆਇਆ ਹੈ ਕਿ ਬੈਂਕ ਵਿੱਚ ਗਿਆ ਲੁਟੇਰਾ ਪਹਿਲਾਂ ਔਜ਼ਾਰਾਂ ਦੀ ਸਹਾਇਤਾ ਨਾਲ ਬੈਂਕ ਵਿੱਚ ਰੱਖੀ ਤਿਜ਼ੋਰੀ ਨੂੰ ਤੋੜਨ ਦੀ ਕੋਸ਼ਿਸ਼ ਕਰਦਾ ਰਿਹਾ, ਜਿਸ ਵਿੱਚ ਨਾਕਾਮ ਹੋਣ ਤੋਂ ਬਾਅਦ ਉਸ ਨੇ ਇੱਕ ਸਟੋਰ ਰੂਮ ਦਾ ਦਰਵਾਜ਼ਾ ਤੋੜਿਆਂ ਤੇ ਉਥੇ ਰੱਖੀ 12 ਬੋਰ ਰਾਈਫ਼ਲ ਅਤੇ 12 ਜ਼ਿੰਦਾ ਕਾਰਤੂਸ ਲੈ ਕੇ ਫ਼ਰਾਰ ਹੋ ਗਿਆ। ਉਨ੍ਹਾਂ ਦਸਿਆ ਕਿ ਵਾਰਦਾਤ ਕਰਨ ਵਾਲੇ ਲੁਟੇਰਿਆਂ ਦੀ ਭਾਲ ਲਈ ਉਨ੍ਹਾਂ ਵੱਲੋਂ ਬਾਜ਼ਾਰ ਦੇ ਹੋਰ ਸੀ ਸੀ ਟੀ ਵੀ ਕੈਮਰਿਆਂ ਨੂੰ ਖੰਗਾਲਿਆ ਜਾ ਰਿਹਾ ਹੈ ਅਤੇ ਇਸ ਕੇਸ ਸਬੰਧੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

# ਮਾਸੀ 'ਤੇ ਗਲਤ ਨਜ਼ਰ ਰੱਖਣ ਤੋਂ ਰੋਕਣ 'ਤੇ ਨੌਜਵਾਨ ਦਾ ਕਤਲ

ਕੋਟਕਪੂਰਾ, 5 ਜਨਵਰੀ (ਪੋਸਟ ਬਿਊਰੋ)- ਮਹਿਲਾ ਰਿਸ਼ਤੇਦਾਰ 'ਤੇ ਗਲਤ ਨਜ਼ਰ ਰੱਖਣ ਵਾਲੇ ਨੌਜਵਾਨ ਨੂੰ ਰੋਕਿਆ ਤਾਂ ਦੋਸ਼ੀ ਨੌਜਵਾਨ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਨੌਜਵਾਨ ਨੂੰ ਮਾਰ ਦਿੱਤਾ।

ਪਤਾ ਲੱਗਾ ਹੈ ਕਿ ਦੋਸ਼ੀ ਨੌਜਵਾਨ ਨੂੰ ਵਰਗਲਾ ਕੇ ਟਰੱਕ 'ਤੇ ਬਠਿੰਡੇ ਪਸ਼ੂ ਛੱਡਣ ਦੀ ਗੱਲ ਕਹਿ ਕੇ ਨਾਲ ਲੈ ਗਏ ਅਤੇ ਕਤਲ ਕਰ ਦਿੱਤਾ। ਪੁਲਸ ਨੇ ਮ੍ਰਿਤਕ ਨੌਜਵਾਨ ਦੇ ਪਿਤਾ ਦੇ ਬਿਆਨ ਉੱਤੇ ਮੁੱਖ ਦੋਸ਼ੀ ਅਤੇ ਉਸ ਦੇ ਸਾਥੀਆਂ 'ਤੇ ਕੇਸ ਦਰਜ ਕੀਤਾ ਹੈ। ਫਰੀਦਕੋਟ ਦੇ ਪਿੰਡ ਦਾਣਾ ਰੋਮਾਣਾ ਦੇ ਸੁਖਦੇਵ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਪੁੱਤਰ ਹਰਫੂਲ ਸਿੰਘ ਪਿੰਡ ਰਾਮਗੜ੍ਹ ਭਗਤੁਆਣਾ ਵਿੱਚ ਆਪਣੇ ਨਾਨਕੇ ਘਰ ਰਹਿੰਦਾ ਸੀ।ਜਾਂਚ ਵਿੱਚ ਪਤਾ ਲੱਗਾ ਕਿ ਹਰਫੂਲ ਸਿੰਘ ਪਿੰਡ ਰੋੜੀਕਪੂਰਾ ਆਪਣੀ ਮਾਸੀ ਵੀਰਪਾਲ ਕੌਰ ਦੇ ਕੋਲ ਗਿਆ ਸੀ। 27 ਦਸੰਬਰ ਨੂੰ ਕੁਲਬੀਰ ਸਿੰਘ ਕਾਲੂ, ਭਿੰਦਰ ਸਿੰਘ, ਹੀਰਾ ਸਿੰਘ ਤੇ ਬੇਅੰਤ ਸਿੰਘ ਬਠਿੰਡੇ ਪਸ਼ੂ ਛੱਡਣ ਦੇ ਬਹਾਨੇ ਹਰਫੂਲ ਨੂੰ ਲੈ ਗਏ ਅਤੇ ਕਤਲ ਕਰ ਦਿੱਤਾ ਤੇ ਫੋਨ ਕਰ ਕੇ ਦੱਸਿਆ ਕਿ ਹਾਦਸੇ ਵਿੱਚ ਉਸ ਦੀ ਮੌਤ ਹੋ ਗਈ ਹੈ। ਇੰਸਪੈਕਟਰ ਇਕਬਾਲ ਸਿੰਘ ਨੇ ਦੱਸਿਆ ਕਿ ਪਤਾ ਲੱਗਾ ਕਿ ਦੋਸ਼ੀਆਂ ਵਿੱਚੋਂ ਭਿੰਦਰ ਸਿੰਘ ਮ੍ਰਿਤਕ ਹਰਫੂਲ ਸਿੰਘ ਦੀ ਮਾਸੀ 'ਤੇ ਗਲਤ ਨਜ਼ਰ ਰੱਖਦਾ ਸੀ ਜਿਸ ਦਾ ਹਰਫੂਲ ਵਿਰੋਧ ਕਰਦਾ ਸੀ, ਇਸ ਲਈ ਉਸ ਦਾ ਕਤਲ ਕੀਤਾ ਗਿਆ ਹੈ।















# ਪੰਜਾਬੀਆਂ ਦਾ ਫੌਜ ਵਿੱਚ ਘੱਟ ਰਿਹੈ ਅਨੁਪਾਤ

ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ

ਪੰਜਾਬੀਆਂ ਵਾਸਤੇ ਇਹ ਫਖਰ ਵਾਲੀ ਗੱਲ ਹੈ ਕਿ ਐਤਕੀਂ ਤੀਸਰੀ ਵਾਰ ਲਗਾਤਾਰ ਪੰਜਾਬ ਦੇ ਕੈਡਿਟ ਨੂੰ ਆਈ ਐਮ ਏ ਦੀ ਪਾਸਿੰਗ ਆਊਟ ਪਰੇਡ ਵੇਲੇ ਸਰਬੋਤਮ ਦਰਜਾ ਹਾਸਲ ਕਰਨ ਲਈ 'ਸਵੋਰਡ ਆਫ ਆਨਰ' ਨਾਲ ਸਨਮਾਨਤ ਕੀਤਾ ਗਿਆ ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ ਕਮਿਸ਼ਨ ਪ੍ਰਾਪਤ ਕਰਨ ਵਾਲੇ ਪੰਜਾਬ ਦੇ ਨੌਜਵਾਨ ਦੂਸਰੇ ਰਾਜਾਂ ਦੇ ਮੁਕਾਬਲੇ ਕਿੱਥੇ ਖੜੇ ਹਨ? 12 ਦਸੰਬਰ 2020 ਨੂੰ ਆਈ ਐਮ ਏ ਦੀ ਪਾਸਿੰਗ ਆਊਟ ਪਰੇਡ ਦਾ ਮੁਆਇਨਾ ਕਰਨ ਪਿੱਛੋਂ ਲੈਫਟੀਨੈਂਟ ਜਨਰਲ ਐਸ ਕੇ ਸੈਣੀ ਵਾਈਸ ਚੀਫ ਆਫ ਆਰਮੀ ਸਟਾਫ ਨੇ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਕੈਡਿਟ (ਲੈਫਟੀਨੈਂਟ) ਵਤਨਦੀਪ ਸਿੰਘ ਸਿੱਧੂ ਨੂੰ 147ਵੇਂ ਰੈਗੂਲਰ ਕੋਰਸ ਅਤੇ 130ਵੇਂ ਟੈਕਨੀਕਲ ਗਰੈਜੂਏਟ ਕੋਰਸ ਦੋਵਾਂ 'ਚੋਂ ਸਾਂਝੇ ਤੌਰ 'ਤੇ ਸਰਬੋਤਮ ਕੈਡਿਟ ਐਲਾਨ ਕਰ ਕੇ 'ਸਵੋਰਡ ਆਫ ਆਨਰ' ਨਾਲ ਨਿਵਾਜਿਆ ਹੈ। ਪੰਜਾਬ ਦੇ ਨੌਜਵਾਨ ਨੂੰ ਇਹ ਸਨਮਾਨ ਇਹ ਤੀਜੀ ਵਾਰ ਮਿ-ਲਿਆ ਹੈ। ਵਧਾਈ ਦਾ ਪਾਤਰ ਹੈ ਲੈਫਟੀਨੈਂਟ ਵਤਨਦੀਪ ਸਿੰਘ ਤੇ ਉਸ ਦੇ ਮਾਂ-ਬਾਪ। ਓਦੋਂ ਪਹਿਲਾਂ ਤਰਨ ਤਾਰਨ ਜ਼ਿਲ੍ਹੇ ਦੇ ਆਕਾਸ਼ਦੀਪ ਸਿੰਘ ਢਿੱਲੋਂ ਨੂੰ ਬੀਤੀ ਜੂਨ ਵਿੱਚ ਅਤੇ ਰੂਪਨਗਰ ਦੇ ਹਰਪ੍ਰੀਤ ਨੂੰ ਮਾਰਚ 'ਚ ਆਫੀਸਰਜ਼ ਟਰੇਨਿੰਗ ਅਕੈਡਮੀ ਚੇਨਈ ਤੋਂ ਇਹੀ ਸਨਮਾਨ ਮਿਲਿਆ ਸੀ।

12 ਦਸੰਬਰ ਨੂੰ ਪਾਸ ਆਊਟ ਹੋਏ ਕੁੱਲ 395 ਕੈਡਿਟ ਵਿੱਚੋਂ 70 ਮਿੱਤਰ ਦੇਸ਼ਾਂ ਦੇ ਵੀ ਸਨ। ਜਿਨ੍ਹਾਂ ਭਾਰਤੀ ਖੁਸ਼ਨਸੀਬ ਨੌਜਵਾਨਾਂ ਦੇ ਮੋਢਿਆਂ ਉਤੇ ਅਧਿਕਾਰੀਆਂ ਨੇ ਦੋ ਸਟਾਰ ਸਜਾ ਕੇ ਲੈਫਟੀਨੈਂਟ ਦਾ ਰੈਂਕ ਦਿੱਤਾ, ਉਨ੍ਹਾਂ ਵਿੱਚ ਪਹਿਲਾਂ ਵਾਂਗ ਸਭ ਤੋਂ ਵੱਧ ਪੰਜਾਹ ਉਤਰ ਪ੍ਰਦੇਸ਼ ਦੇ, 45 ਹਰਿਆਣਾ ਦੇ, ਪੰਜਾਬ ਅਤੇ ਕੇਰਲਾ ਦੇ ਬਰਾਬਰ 15-15, ਹਿਮਾਚਲ ਪ੍ਰਦੇਸ਼ ਦੇ 10 ਅਤੇ ਬਾਕੀ ਹੋਰ ਰਾਜਾਂ ਦੇ ਸਨ। ਇਸੇ ਤਰ੍ਹਾਂ 13 ਜੂਨ 2020 ਨੂੰ ਭਾਰਤੀ ਮੂਲ ਦੇ 333 ਕੈਡਿਟਾਂ ਨੇ ਕਮਿਸ਼ਨ ਪ੍ਰਾਪਤ ਕੀਤਾ, ਜਿਨ੍ਹਾਂ ਵਿੱਚ ਸਭ ਤੋਂ ਵੱਧ 66 ਉਤਰ ਪ੍ਰਦੇਸ਼ ਦੇ, 39 ਹਰਿਆਣਾ, 25 ਪੰਜਾਬ ਦੇ ਅਤੇ 14 ਹਿਮਾਚਲ ਦੇ ਅਤੇ ਬਾਕੀ ਦੂਸਰੇ ਰਾਜਾਂ ਨਾਲ ਸਬੰਧਤ ਸਨ। ਸੱਤ ਦਸੰਬਰ 2019 ਨੂੰ ਆਈ ਐਮ ਏ ਵਿੱਚੋਂ 427 ਕੈਡਿਟਾਂ ਨੇ ਕਮਿਸ਼ਨ ਹਾਸਲ ਕੀਤਾ ਸੀ। ਮਿੱਤਰ ਦੇਸ਼ਾਂ ਦੇ ਅੱਸੀ ਕੈਡਿਟ ਛੱਡ ਕੇ ਬਾਕੀਆਂ 'ਚੋਂ ਸਭ ਤੋਂ ਵੱਧ ਕੈਡਿਟ 53 ਉਤਰ ਪ੍ਰਦੇਸ਼ ਦੇ, 51 ਹਰਿਆਣਾ, 36 ਬਿਹਾਰ, 25 ਦਿੱਲੀ, 20 ਮਹਾਰਾਸ਼ਟਰ, 15 ਹਿਮਾਚਲ ਅਤੇ ਪੰਜਾਬ ਦੇ ਕੇਵਲ 14 ਹੀ ਸਨ। ਜਨਵਰੀ 2016 ਵਿੱਚ ਜੋ 520 ਕੈਡਿਟ ਪਾਸ ਆਊਟ ਹੋਏ, ਉਨ੍ਹਾਂ ਵਿੱਚੋਂ ਯੂ ਪੀ ਦੇ 98 ਫਿਰ ਸਭ ਤੋਂ ਮੋਹਰੀ, ਹਰਿਆਣਾ ਨੇ ਆਪਣੀ ਲੀਡ ਕਾਇਮ ਰੱਖੀ ਤੇ ਉਸ ਦੇ 60 ਨੌਜਵਾਨਾਂ ਨੇ ਕਮਿਸ਼ਨ ਹਾਸਲ ਕੀਤਾ, ਉਤਰਾਖੰਡ ਦੇ 52 ਕੈਡਿਟ ਸਨ, ਜਦ ਕਿ ਪੰਜਾਬ ਫਿਰ ਫਾਡੀ ਰਿਹਾ, ਉਸ ਦੇ ਕੇਵਲ 29 ਕੈਡਿਟ ਸਨ। ਅੱਠ ਦਸੰਬਰ 2012 ਨੂੰ ਆਈ ਐਮ ਏ ਤੋਂ 615 ਕੈਡਿਟ ਪਾਸ ਆਊਟ ਹੋਏ। ਵਿਦੇਸ਼ੀਆਂ ਨੂੰ ਛੱਡ ਕੇ ਬਾਕੀਆਂ ਵਿੱਚੋਂ ਸਿਰਫ 20 ਪੰਜਾਬੀ ਸਨ, ਜਦੋਂ ਕਿ ਹਰਿਆਣਾ ਦੇ 50 ਅਤੇ ਹਿਮਾਚਲ ਦੇ 22 ਗੱਭਰੂਆਂ ਨੇ ਕਮਿਸ਼ਨ ਪ੍ਰਾਪਤ ਕੀਤਾ ਸੀ। ਬਾਕੀ ਦੂਸਰੇ ਰਾਜਾਂ ਤੋਂ ਸਨ। ਸਾਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੈ ਕਿ ਹਰਿਆਣਾ ਤੇ ਹਿਮਾਚਲ ਤੋਂ ਇਲਾਵਾ ਬਿਹਾਰ, ਉਤਰਾਖੰਡ ਅਤੇ ਬਾਕੀ ਰਾਜਾਂ ਤੋਂ ਵੀ ਨੌਜਵਾਨ ਫੌਜ ਵਿੱਚ ਅਫਸਰ ਬਣਨ ਲਈ ਅੱਗੇ ਆ ਰਹੇ ਹਨ, ਪਰ ਪੰਜਾਬ ਕਿਉਂ ਪਛੜ ਰਿਹਾ ਹੈ, ਇਹ ਵੱਡਾ ਸਵਾਲ ਹੈ। ਜੇ ਪੰਜਾਬ ਦੇ ਤਿੰਨ ਜੁਝਾਰੂ ਲਗਾਤਾਰ 'ਸਵੋਰਡ ਆਫ ਆਨਰ' ਨਾਲ ਸਨਮਾਨਤ ਕੀਤੇ ਗਏ ਹਨ ਤਾਂ ਫਿਰ ਪੰਜਾਬ ਦਾ ਅਨੁਪਾਤ ਕਿਉਂ ਘਟ ਰਿਹਾ ਹੈ? ਜੇ ਅਣਵੰਡੇ ਪੰਜਾਬ 'ਚੋਂ ਨਿੱਖੜੇ ਛੋਟੇ ਆਕਾਰ ਅਤੇ ਘੱਟ ਵਸੋਂ ਵਾਲੇ ਸੂਬੇ ਹਰਿਆਣਾ ਦਾ ਤੁਲਨਾਤਮਕ ਵਿਸ਼ਲੇਸ਼ਣ ਪੰਜਾਬ ਨਾਲ ਕੀਤਾ ਜਾਵੇ ਤਾਂ ਸਾਫ ਹੋ ਜਾਵੇਗਾ ਕਿ ਕੁੱਲ ਹਿੰਦ ਕਮਿਸ਼ਨ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ ਵਿੱਚੋਂ ਹਰਿਆਣਾ ਦੇ ਨੌਜਵਾਨਾਂ ਦਾ ਅਫਸਰੀ ਸਿਲੈਕਸ਼ਨ ਰੇਟ 10 ਫੀਸਦੀ ਤੱਕ ਪਹੁੰਚ ਗਿਆ ਹੈ ਤੇ ਪੰਜਾਬ ਦਾ ਗ੍ਰਾਫ 3.50 ਫੀਸਦੀ ਤੱਕ ਸੀਮਿਤ



ਕਿਉਂ? ਕੀ ਪੰਜਾਬ ਦੇ ਹਾਕਮਾਂ ਨੂੰ ਨੌਜਵਾਨਾਂ ਦੇ ਭਵਿੱਖ ਦੀ ਚਿੰਤਾ ਨਹੀਂ? ਇਨ੍ਹਾਂ ਵੇਰਵਿਆਂ ਦਾ ਅਧਿਐਨ ਕਰਨ ਤੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਜੇ 2012 ਵਿੱਚ ਕਮਿਸ਼ਨ ਹਾਸਲ ਕਰਨ ਵਾਲਿਆਂ ਦੀ ਗਿਣਤੀ 615 ਕੈਡਿਟਾਂ ਵਿੱਚੋਂ 20 ਪੰਜਾਬੀ ਸਨ ਅਤੇ ਅੱਠ ਸਾਲਾਂ ਬਾਅਦ 325 ਭਾਰਤੀਆਂ 'ਚੋਂ ਵੀ 15 ਪੰਜਾਬੀ ਸਨ ਤਾਂ ਫਿਰ ਵਾਧੇ ਵਾਲੀ ਸੂਈ ਕਿਉਂ ਅੜੀ ਹੋਈ ਹੈ? ਇਸ ਦਾ ਜਵਾਬ ਤਾਂ ਡੀਂਗਾਂ ਮਾਰਨ ਵਾਲੇ ਦੇਣ?

ਇਸ ਵਿੱਚ ਸ਼ੱਕ ਨਹੀਂ ਕਿ ਫੌਜ 'ਚ ਅਫਸਰ ਤੋਂ ਹੇਠਲੇ ਰੈਂਕ ਵਾਲਿਆਂ ਦੀ ਭਰਤੀ ਆਲ ਇੰਡੀਆ ਰਿਕਰੂਟੇਬਲ ਮੇਲ ਪਾਪੂਲੇਸ਼ਨ ਪਾਲਿਸੀ ਦੇ ਆਧਾਰ ਉੱਤੇ ਹੁੰਦੀ ਹੈ। ਫੌਜ ਵਿੱਚ ਭਰਤੀ ਹੋਣ ਦੇ ਚਾਹਵਾਨ ਹਜ਼ਾਰਾਂ ਦੀ ਗਿਣਤੀ ਵਿੱਚ ਭਰਤੀ ਰੈਲੀਆਂ ਵਿੱਚ ਪੁੱਜਦੇ ਹਨ, ਜਿਵੇਂ ਜਨਵਰੀ ਦੇ ਸ਼ੁਰੂ ਵਿੱਚ ਪੰਜਾਬ ਵਿੱਚ ਰੈਲੀਆਂ ਮੌਕੇ ਦੌਰਾਨ ਦੇਖਣ ਨੂੰ ਮਿਲੇਗਾ। ਬਹੁਤੇ ਤਾਂ ਸਰੀਰਕ ਟੈਸਟਾਂ ਵਿੱਚ ਝੜ ਜਾਂਦੇ ਹਨ ਅਤੇ ਮਿਥੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ। ਜੇ ਸਰੀਰਕ ਤੌਰ ਉੱਤੇ ਫਿੱਟ ਵੀ ਹੋ ਜਾਣ ਤਾਂ ਉਨ੍ਹਾਂ 'ਚੋਂ ਬਹੁਤ ਸਾਰੇ ਲਿਖਤੀ ਟੈਸਟ ਪਾਸ ਨਹੀਂ ਕਰ ਸਕਦੇ। ਫਿਰ ਮੈਰਿਟ ਬਣਦੀ ਹੈ ਕਿਉਂਕਿ ਭਰਤੀ ਦਾ ਕੋਟਾ ਪਲਟਨਾਂ ਦੇ ਕੋਟੇ ਅਨੁਸਾਰ ਤੈਅ ਹੁੰਦਾ ਹੈ। ਅਫਸੋਸ ਦੀ ਗੱਲ ਇਹ ਹੈ ਕਿ ਕਈ ਭਰਤੀ ਯੋਗ ਨੌਜਵਾਨ ਨਸ਼ਿਆਂ ਦੀ ਵਰਤੋਂ ਕਰ ਕੇ ਜਾਂ ਗੈਂਗਸਟਰਾਂ ਦੇ ਢਹੇ ਚੜ੍ਹ ਕੇ ਆਪਣੀ ਅਨਮੋਲ ਜਵਾਨੀ ਨੂੰ ਤਬਾਹ ਕਰ ਰਹੇ ਹਨ। ਜ਼ਿਕਰ ਯੋਗ ਹੈ ਕਿ ਫੌਜ 'ਚ ਅਫਸਰਾਂ ਦੀ ਚੋਣ ਮੈਰਿਟ 'ਤੇ ਨਿਰਭਰ ਕਰਦੀ ਹੈ, ਸੂਬੇ ਦੀ ਵਸੋਂ ਅਨੁਸਾਰ ਨਹੀਂ। ਇਸ ਦਾ ਕਿਸੇ ਵਿਸ਼ੇਸ਼ ਸਮਾਜ ਨਾਲ ਕੋਈ ਸਬੰਧ ਨਹੀਂ। ਇਸ ਸਿਲਸਿਲੇ ਵਿੱਚ ਇਹ ਦੱਸਣਾ ਉਚਿਤ ਹੋਵੇਗਾ ਕਿ ਪੰਜਾਬ, ਹਿਮਾਚਲ ਤੇ ਹਰਿਆਣਾ ਦੀ ਆਬਾਦੀ ਦੇਸ਼ ਦੀ ਕੁੱਲ ਜਨ ਸੰਖਿਆ ਦਾ ਕਰੀਬ ਦੋ ਫੀਸਦੀ ਹੀ ਹਿੱਸਾ ਹੈ, ਪਰ ਅੰਕੜੇ ਇਹ ਸਿੱਧ ਕਰਦੇ ਹਨ ਕਿ ਇਥੋਂ 22 ਫੀਸਦੀ ਨੌਜਵਾਨਾਂ ਨੇ ਕਮਿਸ਼ਨ ਪਰਾਪਤ ਕੀਤਾ, ਜਿਸ ਵਿੱਚ ਪੰਜਾਬ ਪੱਛੜ ਗਿਆ।

ਪੰਜਾਬ 'ਚ ਯੂਨੀਵਰਸਿਟੀਆਂ ਦੀ ਕੋਈ ਘਾਟ ਨਹੀਂ, ਅਣਗਿਣਤ ਕਾਲਜ ਤੇ ਪਬਲਿਕ ਸਕੂਲ ਹਨ ਜਿਨ੍ਹਾਂ 'ਚੋਂ ਕੁਝ ਸੰਸਥਾਵਾਂ ਕੋਲ ਐਨ ਸੀ ਸੀ ਕੇਂਦਰ ਵੀ ਹੈ। ਇਸ ਤੋਂ ਇਲਾਵਾ ਸੈਨਿਕ ਸਕੂਲ ਕਪੂਰਥਲਾ, ਇਰਦ-ਗਿਰਦ ਮੋਹਾਲੀ, ਫਤਿਹਗੜ੍ਹ ਸਾਹਿਬ, ਖਡੂਰ ਸਾਹਿਬ ਤੇ ਹੋਰ ਅਨੇਕਾਂ ਅਰਧ ਸਰਕਾਰੀ ਪ੍ਰਾਈਵੇਟ ਕੋਚਿੰਗ ਸੈਂਟਰ, ਅਕਾਦਮੀਆਂ ਨੌਜਵਾਨਾਂ ਨੂੰ ਕਮਿਸ਼ਨ ਦੀ ਤਿਆਰੀ ਕਰਵਾਉਣ 'ਚ ਰੁੱਝੀਆਂ ਹੋਈਆਂ ਹਨ। ਐਨ ਸੀ ਸੀ ਡਾਇਰੈਕਟੋਰੇਟ ਸਮੇਤ ਸਾਰੀਆਂ ਸੰਸਥਾਵਾਂ ਇਸ਼ਤਿਹਾਰਬਾਜ਼ੀ ਰਾਹੀਂ ਜਾਂ ਖਬਰਾਂ ਜ਼ਰੀਏ ਆਪਣੀਆਂ ਉਪਲਬਧੀਆਂ ਗਿਣਾਉਂਦੀਆਂ ਥੱਕਦੀਆਂ ਨਹੀਂ, ਪਰ ਅੰਕੜੇ ਤਾਂ ਚਿੰਤਾਜਨਕ ਦ੍ਰਿਸ਼ ਪੇਸ਼ ਕਰਦੇ ਹਨ। ਜੇ ਲਗਾਤਾਰ ਪਾਸਿੰਗ ਆਊਟ ਪਰੇਡ ਸਮੇਂ ਤਿੰਨ ਪੰਜਾਬੀ ਨੌਜਵਾਨ ਬੈਸਟ ਕੈਡਿਟ ਚੁਣੇ ਗਏ ਹੋਣ ਤਾਂ ਬਾਕੀ ਵਿਦਿਆਰਥੀ ਮੇਰੇ ਵਾਂਗ ਦਿਹਾਤੀ ਸਕੂਲਾਂ 'ਚ ਪੜ੍ਹੇ ਹੋਏ ਕਿਉਂ ਨਹੀਂ ਚੁਣੇ ਜਾ ਰਹੇ?

ਹੋਣਹਾਰ ਨੌਜਵਾਨਾਂ ਦੀ ਪੰਜਾਬ ਵਿੱਚ ਘਾਟ ਬਿਲਕੁਲ ਨਹੀਂ। ਗੱਲ ਉਦੋਂ ਦੀ ਹੈ, ਜਦੋਂ ਮੈਂ ਸੰਨ 1997 ਤੋਂ 2003 ਦੌਰਾਨ ਸੈਨਿਕ ਭਲਾਈ ਵਿਭਾਗ ਪੰਜਾਬ ਦੀ ਅਗਵਾਈ ਕਰ ਰਿਹਾ ਸੀ। ਇੱਕ ਦਿਨ ਮਾਨਸਾ ਜ਼ਿਲ੍ਹੇ ਦੇ ਓਦੋਂ ਦੇ ਵਿਧਾਇਕ ਅਜੀਤ ਇੰਦਰ ਸਿੰਘ ਮੋਫਰ ਇੱਕ ਹੋਣ-ਹਾਰ ਵਿਦਿਆਰਥੀ ਨੂੰ ਮੇਰੇ ਦਫਤਰ ਲੈ ਕੇ ਆਏ ਤੇ ਕਹਿਣ ਲੱਗੇ ਕਿ ਇਸ ਬੱਚੇ ਨੇ ਕਮਿਸ਼ਨ ਦੀ ਇੰਟਰਵਿਊ ਵਾਸਤੇ ਜਾਣਾ ਹੈ, ਇਸ ਦੀ ਮਦਦ ਕਰੋ। ਮੈਂ ਉਸ ਸਮੇਂ ਸਿਲੈਕਸ਼ਨ ਸੈਂਟਰ ਇਲਾਹਾਬਾਦ ਦੇ ਕਮਾਂਡਰ ਰਹਿ ਚੁੱਕੇ ਮੇਜਰ ਜਨਰਲ ਗੁਰਦਿਆਲ ਸਿੰਘ ਹੁੰਦਲ ਨਾਲ ਗੱਲਬਾਤ ਕਰ ਕੇ ਉਸ ਨੌਜਵਾਨ ਨੂੰ ਉਨ੍ਹਾਂ ਦੇ ਹਵਾਲੇ ਕਰ ਦਿੱਤਾ। ਹੁੰਦਲ ਸਾਹਿਬ ਅਜੇ ਪੈਨਸ਼ਨ ਆਏ ਹੀ ਸਨ ਤੇ ਕੋਈ ਪ੍ਰਾਈਵੇਟ ਅਕਾਦਮੀ ਨਹੀਂ ਸਨ ਚਲਾ ਰਹੇ ਸਨ। ਉਨ੍ਹਾਂ ਨੇ ਕੈਂਡੀਡੇਟ ਨੂੰ ਖੂਬ ਝੰਬਿਆ। ਕੁਝ ਸਮੇਂ ਬਾਅਦ ਮੋਫਰ ਸਾਹਿਬ, ਹੋਣਹਾਰ ਨੌਜਵਾਨ ਤੇ ਉਸ ਦਾ ਬਾਪ ਲੱਡੂਆਂ ਦਾ ਡੱਬਾ ਲੈ ਕੇ ਮੇਰੇ ਕੋਲ ਆਏ ਤੇ ਦੱਸਿਆ ਕਿ ਲੜਕਾ ਆਈ ਐਮ ਏ 'ਚ ਸਿਖਲਾਈ ਵਾਸਤੇ ਜਾ ਰਿਹਾ ਹੈ।

ਜੇ ਨੇਤਾ ਪਰਵਾਰਵਾਦ, ਦੌਲਤਵਾਦ ਤੋਂ ਉਪਰ ਉਠ ਕੇ ਨਸ਼ਾਖੋਰੀ ਵਰਗੀਆਂ ਬੁਰਾਈਆਂ ਨੂੰ ਦੂਰ ਕਰਨਗੇ ਤਾਂ ਫੌਜ ਵਿੱਚ ਅਫਸਰਾਂ ਦੀ ਗਿਣਤੀ ਜ਼ਰੂਰ ਵਧੇਗੀ। ਸਾਲ ਕੁ ਪਹਿਲਾਂ ਮੈਨੂੰ ਖਡੂਰ ਸਾਹਿਬ ਵਿਖੇ ਸੰਤ ਬਾਬਾ ਸੇਵਾ ਸਿੰਘ ਜੀ ਦੇ ਸੱਦੇ ਉੱਤੇ ਐਨ ਡੀ ਏ ਦੀ ਸਿਖਲਾਈ ਵਾਲੇ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਦਾ ਮੌਕਾ ਮਿਲਿਆ। ਇਸੇ ਤਰ੍ਹਾਂ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਵੀ ਬੱਚਿਆਂ ਦੇ ਸਨਮੁੱਖ ਹੁੰਦਿਆਂ ਇਹ ਮਹਿਸੂਸ ਕੀਤਾ ਕਿ ਨੌਜਵਾਨ ਵਰਗ ਵਿੱਚ ਫੌਜ ਪ੍ਰਤੀ ਰੁਚੀ ਪੈਦਾ ਕਰਨ ਦੀ ਲੋੜ ਹੈ। ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਕਾਰਨ ਪੰਜਾਬ ਦੀ ਜਵਾਨੀ ਵਿਦੇਸ਼ਾਂ ਵੱਲ ਰੁਖ਼ ਕਰ ਰਹੀ ਹੈ। ਨੇਤਾ ਡੰਗ ਟਪਾਊ ਨੀਤੀ ਅਪਣਾ ਕੇ ਨਸ਼ਿਆਂ ਨੂੰ ਠੱਲ੍ਹ ਨਹੀਂ ਪਾ ਸਕੇ। ਜੇ ਉਹ ਸਰਹੱਦੀ ਸੂਬਾ, ਜਿੱਥੋਂ ਦਾ ਮੁੱਖ ਮੰਤਰੀ ਵੀ ਸਾਬਕਾ ਫੌਜੀ ਅਤੇ ਰਾਜ ਭਾਗ ਦਾ ਆਨੰਦ ਮਾਣ ਰਹੇ ਉਚ ਕੋਟੀ ਦੇ ਫੌਜੀ ਅਡਵਾਈਜ਼ਰ ਹੋਣ ਅਤੇ ਇੱਕ ਦਰਜਨ ਤੋਂ ਵੱਧ ਲੈਫਟੀਨੈਂਟ ਜਨਰਲ ਰੈਂਕ ਤੱਕ ਦੇ ਪੰਜਾਬੀ ਅਫਸਰ ਸਰਵਿਸ ਸਿਲੈਕਸ਼ਨ ਬੋਰਡਾਂ ਤੇ ਇਸ ਦੀਆਂ ਕਈ ਕਾਰਪੋਰੇਸ਼ਨਾਂ ਦੇ ਚੇਅਰਮੈਨ ਤੇ ਐਮ ਡੀ ਹੋਣ, ਫਿਰ ਨੌਜਵਾਨਾਂ ਵੱਲ ਧਿਆਨ ਨਾ ਦੇਣਾ ਮੰਦਭਾਗਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best

ਬਹੁਤ ਹੀ ਸੋਹਣਾ ਤੇ ਸਾਫ ਸੁਥਰਾ 3 ਬੈਡਰੂਮ ਦਾ ਟਾਊਨਹਾਊਸ
Gorgeous End Unit Home Fully Loaded Open Concept, Absolutely Freehold, 9Ft Ceiling On Main!! Just 4 Years Old Feels Like A Semi Detached Home Built In 2016, Double Car Garage, Stainless Steel Top Of The Line Appliances, No Sidewalk, Huge Driveway Can Fit 4 Cars, Spacious Living Room With High Ceiling & Pot Lights, Master Bdrm With Ensuite 4Pc Bath, Must Visit House, Very Co-Operative Neighbourhood, House Located At New Subdivision In Very Fast Growing Area.




3+1 ਬੈਡਰੂਮ ਦਾ ਸੇਮੀ ਡੀਟੈਚਡ ਘਰ ਅਤੇ ਫਿਨੀਸ਼ਡ ਬੇਸਮੈਂਟ
Amazing Opportunity! Fantastic 3 Bdrms & 2 Wshrms Semi Detached House With Rec Rm In Finished Basement, High Demand Location In Springdale Brampton On Wide Street, Great Room Offers Walk-Out To Deck. Hardwood Flooring On Main Level, Laminate On 2nd Level. Master Bdrm Equipped W/Ensuite Bath. Very Good Opportunity For First Time Home Buyers Or Investors.Close To Schools, Transit, Parks. Deck At The Back With Fenced Backyard, Separate Side Door To Garage.




ਸ਼ਾਨਦਾਰ 3+1 ਬੈਡਰੂਮ ਡਬਲ ਸਟੋਰੀ ਟਾਊਨਹਾਊਸ ਅਤੇ ਫਿਨੀਸ਼ਡ ਬੇਸਮੈਂਟ
Amazing Chance To Own A Fabulous Lakelands Model By Rose-Haven Built Beautiful Absolutely Freehold 2 Story Townhouse With 3+1 Bdrms And 4 Wshrms, This House Has Almost 2050 Sqft Living Space, Oak Hardwood On Main Floor, Master Bdrm W/ Ensuite & Walk-In Closet, One Rec Rm, Wshrm, And Cold Cellar In The Basement Finished By The Builder. Very Well Kept House Situated At Very Nice And Quiet Location Of Northwest Brampton. Close To Mount Pleasant Go Station




Grand Upholstery Ltd
Sofa Company Originality in Every Piece
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
Special on Sale
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
5 Edvac Drive # 5 & 6 Brampton ON L6S 5P3 Email: grandupholsery@gmail.com

# ਚੌਕਸ ਤੇ ਚੜ੍ਹਦੀ ਕਲਾ 'ਚ ਰਹਿਣ ਦੀ ਲੋੜ

ਪ੍ਰਿੰ. ਸਰਵਣ ਸਿੰਘ

## ਕਿਸਾਨ ਅੰਦੋਲਨ

ਪੰਜਾਬੀਆਂ ਨੇ ਪਿਛਲੇ ਸੌ ਸਾਲਾਂ ਵਿਚ ਅਨੇਕਾਂ ਮੋਰਚੇ ਲਾਏ ਹਨ। ਆਪਣੇ ਲਈ ਘੱਟ, ਸਮੁੱਚੇ ਦੇਸ਼ ਲਈ ਵੱਧ। ਸੁਤੰਤਰਤਾ ਸੰਗਰਾਮ ਵਿਚ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ। ਦੇਸ਼ ਆਜ਼ਾਦ ਹੋਇਆ ਤਾਂ ਸਭ ਤੋਂ ਵੱਧ ਨੁਕਸਾਨ ਪੰਜਾਬੀਆਂ ਦਾ ਹੋਇਆ। ਪੰਜਾਬ ਟੁੱਕੜੇ ਟੁੱਕੜੇ ਕਰ ਦਿੱਤਾ ਗਿਆ। ਕਾਂਗਰਸ ਦਾ ਮਤਾ ਸੀ ਕਿ ਦੇਸ਼ ਆਜ਼ਾਦ ਹੋਣ ਪਿੱਛੋਂ ਭਾਸ਼ਾ ਦੇ ਆਧਾਰ 'ਤੇ ਸੂਬੇ ਬਣਾਏ ਜਾਣਗੇ। ਦੇਸ਼ ਦੀਆਂ ਹੋਰਨਾਂ ਭਾਸ਼ਾਵਾਂ ਦੇ ਆਧਾਰ 'ਤੇ ਤਾਂ ਸੂਬੇ ਬਣਾ ਦਿੱਤੇ ਗਏ ਪਰ ਪੰਜਾਬੀ ਸੂਬਾ ਨਾ ਬਣਾਇਆ ਗਿਆ। ਉਲਟਾ ਪੰਜਾਬ ਦੇ ਫਿਰਕਾਪ੍ਰੱਸਤਾਂ ਨੂੰ ਆਪਣੀ ਮਾਤ ਭਾਸ਼ਾ ਪੰਜਾਬੀ, ਮਰਦਮ ਸ਼ੁਮਾਰੀ ਵਿਚ ਦਰਜ ਕਰਾਉਣ ਤੋਂ ਮੁਕਰਾਇਆ ਗਿਆ। ਵਿਸ਼ਵ ਭਰ ਦੀਆਂ

ਭਾਸ਼ਾਵਾਂ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਕਿ ਲੱਖਾਂ ਲੋਕਾਂ ਨੇ ਆਪਣੀ ਮਾਂ ਬੋਲੀ ਤੋਂ ਮੁਨਕਰ ਹੋਣ ਦਾ ਪਾਪ ਕੀਤਾ। ਰਸੂਲ ਹਮਜ਼ਾਤੋਵ ਨੇ 'ਮੇਰਾ ਦਾਗ਼ਿਸਤਾਨ' ਪੁਸਤਕ ਵਿਚ ਲਿਖਿਆ ਕਿ ਕਿਸੇ ਨੂੰ ਵੱਡਾ ਸਰਾਪ ਦੇਣਾ ਹੋਵੇ ਤਾਂ ਕਹੋ, ਜਾਹ ਤੈਨੂੰ ਆਪਣੀ ਮਾਂ ਬੋਲੀ ਭੁੱਲ ਜਾਵੇ! ਮਾਂ ਬੋਲੀ ਪੰਜਾਬੀ ਨਾਲ ਸਕੀ ਮਾਂ ਨੂੰ ਘਰੋਂ ਧੱਕਾ ਦੇਣ ਵਰਗਾ ਪਾਪ ਸੀ ਜੋ ਦਿੱਲੀ ਦੇ ਹਾਕਮਾਂ ਨੇ ਪੰਜਾਬੀਆਂ ਤੋਂ ਕਰਵਾਇਆ। ਫਿਰ ਪੰਜਾਬੀਆਂ ਨੂੰ ਪੰਜਾਬੀ ਸੂਬੇ ਲਈ ਮੋਰਚੇ ਲਾਉਣੇ ਪਏ ਤੇ ਬੇਅੰਤ ਕੁਰਬਾਨੀਆਂ ਦੇਣੀਆਂ ਪਈਆਂ। ਦੇਸ਼ ਦੀ ਰਾਖੀ ਲਈ 1948, 1962 ਤੇ 1965 ਦੀਆਂ ਜੰਗਾਂ ਵਿਚ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀ ਫੌਜੀਆਂ ਨੇ ਦਿੱਤੀਆ। ਭਾਰਤ ਲਈ ਖੇਡਾਂ ਦੇ ਸਭ ਤੋਂ ਵੱਧ ਮੈਡਲ ਪੰਜਾਬੀਆਂ ਨੇ ਜਿੱਤੇ। ਸਭ ਤੋਂ ਵੱਧ ਫਾਰਨ ਐਕਸਚੇਂਜ ਪੰਜਾਬੀਆਂ ਨੇ ਦੇਸ਼ ਵਿਚ ਲਿਆਂਦੀ। ਪੰਜਾਬ ਦੀਆਂ ਬਾਰਾਂ ਤੋਂ ਲੱਗ ਕੇ ਗੰਗਾਨਗਰ, ਬੀਕਾਨੇਰ, ਰਣ ਕੱਛ, ਮੱਧ ਪ੍ਰਦੇਸ਼ ਤੇ ਤਰਾਈ ਦੇ ਸੱਪਾਂ ਸ਼ੀਹਾਂ ਵਾਲੇ ਜੰਗਲੀ ਇਲਾਕੇ ਪੰਜਾਬੀਆਂ ਨੇ ਭੁੱਖੇ ਤਿਹਾਏ ਰਹਿ ਕੇ ਆਬਾਦ ਕੀਤੇ। ਸਾਰੇ ਦੇਸ਼ ਦੀ ਟ੍ਰਾਂਸਪੋਰਟ ਢੋਹੀ। ਪਰ ਇਨਾਮ ਕੀ ਮਿਲਿਆ? ਆਬਾਦ ਕੀਤੀਆਂ ਜ਼ਮੀਨਾਂ ਵੀ ਹੱਥੋਂ ਹੱਥਿਆਈਆਂ ਜਾ ਰਹੀਆਂ। 1966 ਵਿਚ ਪੰਜਾਬੀ ਸੂਬਾ ਬਣਾਇਆ ਤਾਂ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ, ਪੰਜਾਬੀ ਦੀ ਰਾਜਧਾਨੀ, ਦਰਿਆਈ ਪਾਣੀ, ਡੈਮ, ਹਾਈ ਕੋਰਟ, ਇਤਿਹਾ-ਸਕ ਪੰਜਾਬ ਯੂਨੀਵਰਸਿਟੀ, ਇਥੋਂ ਤਕ ਕਿ ਸੰਵਿਧਾਨ 'ਚ ਮਿਲੇ ਸੂਬਾਈ ਅਧਿਕਾਰ ਵੀ ਪੰਜਾਬ ਤੋਂ ਖੋਹ ਲਏ ਗਏ। ਉਲਟਾ ਸਕੇ ਭਰਾਵਾਂ ਵਰਗੇ ਪੰਜਾਬੀਆਂ ਤੇ ਹਰਿਆਣਵੀਆਂ ਨੂੰ ਘਟੀਆ ਸਿਆਸਤ ਨਾਲ ਇਕ ਦੂਜੇ ਦੇ ਵਿਰੁੱਧ ਕਰ ਦਿੱਤਾ ਗਿਆ ਜਿਸ ਦਾ ਨੁਕਸਾਨ ਦੋਹਾਂ ਭਰਾਵਾਂ ਨੂੰ ਝੱਲਣਾ ਪਿਆ। ਸ਼ੁਕਰ ਹੈ ਅਜੋਕੇ ਕਿਸਾਨ ਅੰਦੋਲਨ ਨੇ ਦੋਹੇ ਭਰਾ ਮੁੜ ਮਿਲਾ ਦਿੱਤੇ। ਛੋਟੇ ਭਰਾ ਹਰਿਆਣਵੀਆਂ ਨੇ ਵੱਡੇ ਭਰਾ ਪੰਜਾਬੀਆਂ ਲਈ ਜਿਸ ਤਰ੍ਹਾਂ ਹਰਿਆਣੇ ਦੇ ਹਾਕਮਾਂ ਅੱਗੇ ਹਿੱਕ ਡਾਹੀ ਤੇ ਵੱਡੇ ਭਰਾਵਾਂ ਦੀਆਂ ਬਾਹਵਾਂ ਬਣੇ, ਉਹਦੀਆਂ ਰਾਗਣੀਆਂ ਤੇ ਵਾਰਾਂ ਗਾਈਆਂ ਜਾਂਦੀਆਂ ਰਹਿਣਗੀਆਂ। ਕਦੇ ਭੀੜ ਪਈ ਤਾਂ ਵੱਡੇ ਭਰਾ ਵੀ ਛੋਟੇ ਭਰਾਵਾਂ ਦੇ ਅੱਗੇ ਹੋ ਕੇ ਹਿੱਕਾਂ ਡਾਹੁਣ-ਗੇ। ਐਮਰਜੰਸੀ ਸਾਰੇ ਦੇਸ਼ ਵਿਚ ਲਾਈ ਗਈ। ਪਰ ਉਸ ਦਾ ਵਿਰੋਧ ਕਰਦਿਆਂ ਮੋਰਚਾ ਪੰਜਾਬੀਆਂ ਨੇ ਲਾਇਆ। ਜੇਲ੍ਹਾਂ ਭਰੀਆਂ, ਕੁਰਬਾਨੀਆਂ ਦਿੱਤੀਆਂ। ਐਮਰਜੰਸੀ ਤੁੜਵਾਈ ਤਾਂ ਹਾਕਮਾਂ ਨੇ ਸਭ ਤੋਂ ਵੱਧ ਨੁਕਸਾਨ ਪੰਜਾਬੀਆਂ ਦਾ ਕੀਤਾ। ਸ੍ਰੀ ਅਕਾਲ ਤਖਤ ਤੋਪਾਂ ਨਾਲ ਉਡਾ ਕੇ, ਦਰਬਾਰ ਸਾਹਿਬ ਦੀ ਪਰਿਕਰਮਾ 'ਤੇ ਟੈਂਕ ਚੜ੍ਹਾ ਕੇ, ਹਜ਼ਾਰਾਂ ਲੋਕਾਂ ਨੂੰ ਫੌਜੀ ਤੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਰਵਾ ਕੇ ਅਤੇ ਦਿੱਲੀ ਵਿਚ ਸਿੱਖ ਕਤਲੇਆਮ ਕਰਵਾ ਕੇ, ਸਿੱਖਾਂ ਨੂੰ ਦੇਸ਼ ਲਈ

ਦਿੱਤੀਆਂ ਕੁਰਬਾਨੀਆਂ ਦਾ 'ਰਾਸ਼ਟਰੀ ਅਵਾਰਡ' ਦਿੱਤਾ ਗਿਆ! ਇਹੋ ਦਿੱਲੀ ਸੀ ਜਿਥੇ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੀ ਰਾਖੀ ਲਈ ਬਲੀਦਾਨ ਦਿੱਤਾ ਸੀ ਤੇ ਹਿੰਦ ਦੀ ਚਾਦਰ ਬਣੇ ਸਨ।

1960ਵਿਆਂ ਤਕ ਭਾਰਤ ਦੇਸ਼ ਅਨਾਜ ਖੁਣੋਂ ਭੁੱਖੋਂ ਮਰਦਾ ਸੀ। ਪੰਜਾਬ/ਹਰਿਆਣੇ ਨੇ ਹਰਾ ਇਨਕਲਾਬ ਲਿਆ ਕੇ ਦੇਸ਼ ਦੇ ਕਰੋੜਾਂ ਅਰਬਾਂ ਲੋਕਾਂ ਦਾ ਢਿੱਡ ਭਰਿਆ। ਲੱਖਾਂ ਕਰੋੜਾਂ ਟਨ ਅਨਾਜ ਪੈਦਾ ਕਰ ਕੇ ਹਰ ਸਾਲ ਜਨਤਕ ਵੰਡ ਪ੍ਰਣਾਲੀ ਰਾਹੀਂ ਅੱਸੀ ਕਰੋੜ ਲੋਕਾਂ ਤਕ ਸਸਤਾ ਅਨਾਜ ਪੁਚਾਇਆ ਤੇ ਅਨਾਜ ਦੇ ਗੁਦਾਮ ਭਰ ਛੱਡੇ। ਚੌਲ ਜੋ ਪੰਜਾਬੀਆਂ ਹਰਿਆਣਵੀਆਂ ਦਾ ਖਾਜਾ ਨਹੀਂ, ਦੇਸ਼ ਦੇ ਹੋਰਨਾਂ ਸੂਬਿਆਂ ਲਈ ਪੈਦਾ ਕਰਦਿਆਂ, ਲੱਖਾਂ ਟਿਊਬਵੈੱਲ ਲਾ ਕੇ ਤੇ ਰੇਹਾਂ ਸਪਰੇਆਂ ਦੀਆਂ ਜ਼ਹਿਰਾਂ ਖਿਲਾਰ ਕੇ ਆਪਣੀ ਧਰਤੀ ਮਾਂ ਦੀ



ਸਿਹਤ ਗਾਲ਼ ਲਈ। ਪਾਣੀ ਦੀਆਂ ਲਹਿਰਾਂ ਬਹਿਰਾਂ ਦੋ ਚਾਰ ਹੱਥ ਦੀ ਪਹੁੰਚ 'ਤੇ ਸਨ ਜੋ ਹੇਠਾਂ ਪਤਾਲ ਵਿਚ ਚਲੀਆਂ ਗਈਆਂ। ਸਾਹ ਲੈਣ ਵਾਲਾ ਵਾਤਾਵਰਣ ਗੰਧਲਾਅ ਲਿਆ ਤੇ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਸਹੇੜ ਲਈਆਂ। ਪਵਨ ਗੁਰੂ, ਪਾਣੀ ਪਿਤਾ, ਮਾਤਾ ਧਰਤ ਮਹੱਤ ਵਰਗੀਆਂ ਕੁਦਰਤ ਵੱਲੋਂ ਵਰੋਸਾਈਆਂ ਦਾਤਾਂ ਪੰਜਾਬ ਹਰਿਆਣੇ ਨੇ ਦੇਸ਼ ਦੇ ਲੇਖੇ ਲਾ ਦਿੱਤੀਆਂ। ਦਿੱਲੀ ਦੇ ਚਾਲਬਾਜ਼ ਹਾਕਮ ਫਿਰ ਪਾਣੀਓਂ ਮਾਰੇ ਪੰਜਾਬ ਹਰਿਆਣੇ ਨੂੰ ਪਾਣੀ ਪਿੱਛੇ ਲੜਾਉਣ ਲੱਗੇ। ਨਾ ਝੋਨਾ ਪੰਜਾਬ ਹਰਿਆਣੇ ਦੇ ਖੇਤਾਂ ਵਿਚ ਆਉਂਦਾ ਨਾ ਸਾੜ੍ਹਸਤੀ ਦੇ ਆਹ ਦਿਨ ਦੇਖਣੇ ਪੈਂਦੇ! ਅਜੋਕੀ ਸਰਕਾਰ ਨੇ ਦੇਸ਼ ਦੇ ਧੌਲ ਧਰਮ ਪੰਜਾਬ ਹਰਿਆਣੇ ਨੂੰ ਜਿਊਂਦੇ ਜੀਅ ਦਫ਼ਨ ਕਰਨ ਦਾ ਪਾਪੀ ਸੌਦਾ ਧਨਾਡ ਚੰਡਾਲਾਂ ਨਾਲ ਕੀਤਾ। ਚੰਡਾਲਾਂ ਦੀਆਂ ਥੈਲੀਆਂ ਨਾਲ ਬਣਾਈ ਸਰਕਾਰ ਨੇ ਕਰੋਨੇ ਦੀ ਆੜ ਵਿਚ ਸੰਵਿਧਾਨ ਤੋਂ ਬਾਹਰੀ ਹੋ ਕੇ ਚੋਰੀ ਚੋਰੀ ਤਿੰਨ ਆਰਡੀਨੈਂਸ ਲਿਆਂਦੇ। ਪਾਰਲੀਮੈਂਟ 'ਚ ਬਿਨਾਂ ਬਹਿਸ ਕਰਾਏ ਤੇ ਵੋਟਾਂ ਪੁਆਏ ਧੱਕੇ ਨਾਲ ਕਨੂੰਨ ਬਣਾ ਦਿੱਤੇ। ਇਹ 'ਕੱਲੇ ਪੰਜਾਬ ਹਰਿਆਣੇ ਦੀ ਮੌਤ ਦੇ ਵਾਰੰਟ ਨਹੀਂ ਸਗੋਂ ਦੇਸ਼ ਦੇ ਕਰੋੜਾਂ ਮਿਹਨਤਕਸ਼ਾਂ ਨੂੰ ਭੁੱਖੇ ਮਾਰਨ ਦੀ ਬਦਨੀਤੀ ਹੈ। ਹਾਕਮਾਂ ਦੀ ਇਸ ਬਦਨੀਤੀ ਦੇ ਖ਼ਿਲਾਫ਼ ਪੰਜਾਬ ਨੇ ਫਿਰ ਬੀੜਾ ਚੁੱਕਿਆ। ਪੰਜਾਬ ਵਿਚ ਦੋ ਮਹੀਨੇ ਰੇਲ ਲਾਈਨਾਂ, ਟੋਲ ਪਲਾਜ਼ੇ, ਮਾਲ ਤੇ ਸੜਕਾਂ ਮੱਲੀਆਂ ਰਹੀਆਂ ਪਰ ਹਾਕਮਾਂ ਦੇ ਕੰਨਾਂ ਉਤੇ ਜੂੰ ਨਾ ਸਰਕੀ। ਦੇਸ਼ ਦੇ ਗੋਦੀ ਮੀਡੀਏ ਨੇ ਵੀ ਕਿਸਾਨ ਅੰਦੋਲਨ ਨੂੰ ਅੱਖੋਂ ਪਰੋਖੇ ਕਰੀ ਰੱਖਿਆ। ਆਖ਼ਰ ਪੰਜਾਬੀਆਂ ਨੂੰ ਦਿੱਲੀ ਆਉਣਾ ਪਿਆ ਤਾਂ ਜੋ ਗੁੰਗੀ ਬੋਲੀ ਸਰਕਾਰ ਨੂੰ ਕਿਸਾਨ ਅੰਦੋਲਨ ਦਾ ਪਤਾ ਲੱਗੇ। ਤਦ ਤਕ ਪੰਜਾਬ ਦੀਆਂ ਤੀਹ ਬੱਤੀ ਕਿਸਾਨ ਜਥੇਬੰਦੀਆਂ ਨੂੰ ਦੇਸ਼ ਭਰ ਦੀਆਂ ਪੰਜ ਸੌ ਕਿਸਾਨ ਜਥੇਬੰਦੀਆਂ ਦਾ ਹੁੰਗਾਰਾ ਮਿਲ ਗਿਆ। ਕਿਸਾਨਾਂ ਨੇ 25-26 ਨਵੰਬਰ ਨੂੰ ਦਿੱਲੀ ਦੇ ਰਾਮ ਲੀਲਾ ਮੈਦਾਨ ਵਿਚ ਪ੍ਰਦਰਸ਼ਨ ਕਰ ਕੇ ਵਾਪਸ ਮੁੜ ਜਾਣਾ ਸੀ। ਪਰ ਕੇਂਦਰੀ ਹਾਕਮਾਂ ਦੇ ਇਸ਼ਾਰੇ 'ਤੇ ਹਰਿਆਣੇ ਦੀ ਭਾਜਪਾ ਸਰਕਾਰ ਚਾਂਭਲੀ ਹੋਈ ਆਪ ਹੀ ਕੌਮੀ ਮਾਰਗਾਂ 'ਚ ਖੂਹ ਪੁੱਟ ਬੈਠੀ। ਫਿਰ ਜੋ ਹੋਇਆ ਸਭ ਨੂੰ ਪਤਾ ਹੀ ਹੈ। ਪੰਜਾਬ ਦੇ ਕਿਸਾਨ ਅੰਦੋਲਨ ਨਾਲ ਹਰਿਆਣਾ ਹੀ ਨਹੀਂ, ਭਾਰਤ ਭਰ ਦੇ ਕਿਸਾਨ ਜੁੜ ਗਏ। ਫਿਰ ਇਹ ਭਾਰਤ ਦਾ ਹੀ ਕਿਸਾਨ ਅੰਦੋਲਨ ਨਹੀਂ ਰਿਹਾ ਬਲਕਿ ਕੌਮਾਂਤਰੀ ਕਿਸਾਨ ਅੰਦੋਲਨ ਬਣ ਗਿਆ। ਗੱਲ ਯੂਐਨਓ ਤਕ ਜਾ ਪਹੁੰਚੀ। ਕਿਸਾਨਾਂ ਤੇ ਕੇਂਦਰੀ ਸਰਕਾਰ ਵਿਚਕਾਰ ਗੱਲਬਾਤ ਦੇ ਪੰਜ ਗੇੜਾਂ ਤੋਂ ਬਾਅਦ ਲਾਕ ਡਾਊਨ ਹੋ ਗਿਆ। ਇਸ ਦੌਰਾਨ ਮੋਦੀ ਸਰਕਾਰ ਨੇ ਅੰਬਾਨੀਆਂ ਅੰਡਾਨੀਆਂ ਦੀ ਚੁੱਕ 'ਤੇ ਸਾਰੇ ਹੱਥਕੰਡੇ ਵਰਤੇ। ਆਖ਼ਰ 30 ਜਨਵਰੀ ਨੂੰ ਛੇਵੇਂ ਗੇੜ ਦੀ ਮੀਟਿੰਗ ਕਰਨੀ ਪਈ। ਅਜੰਡੇ ਦੀਆਂ ਚਾਰ ਮੱਦਾਂ ਸਨ: ਤਿੰਨੇ ਖੇਤੀ ਕਨੂੰਨ ਰੱਦ ਕਰਨ ਦਾ ਅਮਲ, 23 ਫਸਲਾਂ ਦੀ ਐਮਐਸਪੀ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਮੁਤਬਿਕ ਮਿਥ ਕੇ ਸਾਰੀਆਂ ਫਸਲਾਂ ਦੀ ਖਰੀਦ ਲਾਜ਼ਮੀ ਕਰਨ ਦਾ ਕਾਨੂੰਨ ਬਣਾਉਣ, ਪਰਾਲੀ ਸਾੜਨ ਦੀ ਸਜ਼ਾ ਤੇ ਜੁਰਮਾਨਾ ਨਾ ਲਾਉਣ ਅਤੇ ਕੇਂਦਰੀ ਬਿਜਲੀ ਬਿੱਲ ਲਿਆਉਣ ਵਿਚ ਕਿਸਾਨਾਂ ਤੇ ਗਰੀਬਾਂ ਨੂੰ ਮਿਲਦੀ ਮੁਫ਼ਤ ਬਿਜਲੀ ਦੀ ਸਹੂਤਲ ਵਾਪਸ ਨਾ ਲੈਣ ਸੰਬੰਧੀ ਸਨ। ਪਰਾਲੀ ਤੇ ਬਿਜਲੀ ਨਾਲ ਸੰਬੰਧਿਤ ਮੱਦਾਂ ਕੇਂਦਰ ਸਰਕਾਰ ਨੇ ਮੰਨ ਲਈਆਂ ਹਨ। ਅਗਲੀ ਮੀਟਿੰਗ 4 ਜਨਵਰੀ ਨੂੰ ਹੋਵੇਗੀ ਜਿਸ ਵਿਚ ਤਿੰਨਾਂ ਖੇਤੀ ਕਾਨੂੰਨ ਰੱਦ ਕਰਨ ਤੇ ਐਮਐਸਪੀ ਕਾਨੂੰਨ ਬਣਾਉਣ ਦੇ ਅਮਲ ਬਾਰੇ ਫੈਸਲਾ ਹੋਵੇਗਾ।

ਹਾਲ ਦੀ ਘੜੀ ਕਿਸਾਨਾਂ ਦਾ ਹੱਥ ਉਪਰ ਹੈ। ਚਾਰਾਂ 'ਚੋਂ ਦੋ ਮੱਦਾਂ ਮੰਨਵਾ ਲਈਆਂ ਹਨ। ਅਗਲੀ ਮੀਟਿੰਗ ਵਿਚ ਐਮਐਸਪੀ 'ਤੇ 23 ਫਸਲਾਂ ਦੀ ਲਾਜ਼ਮੀ ਖਰੀਦ ਦੇ ਕਾਨੂੰਨ ਨਾਲ ਦੇਸ਼ ਦੇ ਕਿਸਾਨਾਂ ਦੀਆਂ ਪੌਂ ਬਾਰਾਂ ਹੋ ਸਕਦੀਆਂ ਹਨ। ਪੰਜਾਬ ਹਰਿਆਣੇ ਦੀ ਬਾਸਮਤੀ ਤੇ ਮੱਕੀ, ਬਾਜਰਾ, ਜੁਆਰ, ਗੁਆਰਾ, ਦਾਲਾਂ ਤੇ ਤੇਲ ਆਦਿ ਦੀਆਂ ਫਸਲਾਂ ਦੀ ਕਣਕ ਝੋਨੇ ਵਾਂਗ ਸਮੱਰਥਨ ਭਾਅ 'ਤੇ ਖਰੀਦ ਲਾਜ਼ਮੀ ਹੋਵੇ ਤਾਂ ਪੰਜਾਬ ਹਰਿਆਣੇ ਨੇ ਝੋਨਾ ਲਾ ਕੇ ਕੀ ਲੈਣਾ ਹੈ? ਝੋਨੇ ਤੋਂ ਛੁਟਕਾਰਾ ਮਿਲਣ 'ਚ ਹੀ ਪੰਜਾਬ ਹਰਿਆਣੇ ਦੀ ਗਤੀ ਹੋਣੀ ਹੈ। ਪ ਾਣੀਆਂ ਦੇ ਮਸਲੇ ਤਾਂ ਫਿਰ ਹੱਲ ਹੀ ਸਮਝੋ। ਆਹ ਪਤਾਲ ਵਿਚ ਨਿਘਰਦਾ ਪਾਣੀ, ਜ਼ਹਿਰੀਲਾ ਵਾਤਾਵਰਣ ਤੇ ਬਿਜਲੀ ਦਾ ਸੰਕਟ ਸਭ ਝੋਨੇ ਦਾ ਸਰਾਪ ਹੈ। ਜੇਕਰ ਕਿਸਾਨਾਂ ਦੀਆਂ ਵੋਟਾਂ ਨਾਲ ਰਾਜ ਭਾਗ ਹੀ ਹੱਥੋਂ ਜਾਂਦਾ ਰਿਹਾ ਤਾਂ ਖੇਤੀ ਕਾਨੂੰਨ ਖਾਲੀ ਡੱਬਿਆਂ ਵਾਂਗ ਰੱਖ ਕੇ ਸਰਕਾਰ ਨੇ ਕੀ ਸਿਰ 'ਚ ਮਾਰਨੇ ਹਨ? ਐਤਕੀਂ ਕਿਸਾਨਾਂ ਦੀ ਜਿੱਤ ਬੇਸ਼ਕ ਕੰਧ 'ਤੇ ਲਿਖੀ ਪਈ ਹੈ ਫਿਰ ਵੀ ਉਨ੍ਹਾਂ ਨੂੰ ਚਾਣਕੀਆ ਚਾਲਾਂ ਤੋਂ ਚੌਕਸ, ਚੇਤੰਨ ਤੇ ਆਪਣੇ ਕਾਡਰ ਨੂੰ ਚੜ੍ਹਦੀਆਂ ਕਲਾਂ 'ਚ ਰੱਖਣਾ ਹੋਵੇਗਾ। ਪ੍ਰੈਸ਼ਰ ਵਧਾਉਂਦੇ ਰਹਿਣਾ ਪਵੇਗਾ ਤੇ ਪੂਰਨ ਏਕਾ ਬਣਾਈ ਰੱਖਣਾ ਪਵੇਗਾ। ਵਿਸ਼ਵ ਰਿਕਾਰਡ ਸਿਰਜਣ ਜਾ ਰਹੇ ਏਡੇ ਵੱਡੇ ਸ਼ਾਤਮਈ ਅੰਦੋਲਨ ਵਿਚ ਮਾੜੇ ਮੋਟੇ ਗ਼ਿਲਿਆਂ ਸ਼ਿਕਵਿਆਂ ਦੀ ਗੱਲ ਨਹੀਂ ਸ਼ੋਭਦੀ। ਹੋਵੇ ਵੀ ਤਾਂ ਘਰ ਦੀ ਗੱਲ ਵਾਂਗ ਘਰ ਜਾ ਕੇ ਸੁਲਝਾਈ ਜਾ ਸਕਦੀ ਹੈ।

# ਅਜ਼ਗਰ ਦੇ ਮੂੰਹ ਆਈ ਕਿਸਾਨੀ ਦੇ ਬਚਾਅ ਲਈ ਆਖਰੀ ਹੱਲਾ...

ਭਾਰਤ ਵਿੱਚ ਕਿਸਾਨੀ ਸ਼ੰਘਰਸ ਦੀ ਸੁਰੂਆਤੀ ਸਮੇ ਤੋਂ ਹੁਣ ਤੱਕ ਦੇ ਸਫਰ ਵਿਚ ਦੁਨਿਆਂ ਨੂੰ ਇਕ ਵਿਲੱਖਣਾ ਦੀ ਮਿਸਾਲ ਪੇਸ਼ ਹੋਈ ਨਜ਼ਰ ਆ ਰਹੀ ਹੈ। ਸੰਜਮਤਾ, ਸਿਫਤੀ ਦਾ ਮੂਲ ਅਧਾਰ ਬਣਿਆ ਹੈ। ਸੇਵਾ ਕਰਨ ਦੇ ਨਵੇ ਢੰਗ ਤਰੀਕਿਆਂ ਨੇ ਨੋਜਵਾਨੀ ਉਪਰ ਵਿਸ਼ਵਾਸ ਨੂੰ ਪੀਡੇ ਕੀਤਾ ਹੈ। ਜਿੰਨੀ ਦੇਰ ਵੀ ਇਹ ਸੰਘਰਸ਼ ਚਲਦਾ ਹੈ ਇਸ ਦੀ ਚੇਤੰਨਤਾ ਦਾ ਬਰਕਰਾਰ ਰਹਿਣਾ ਜਰੂਰੀ ਹੈ। ਅਨੇਕਤਾ ਵਿੱਚ ਏਕਤਾ ਵਿਖਾਈ ਦੇ ਰਹੀ ਹੈ। ਕੁਝ ਮੀਡੀਏ ਦੇ ਹਿਸੇ ਦਾ ਨਾ-ਪੱਖੀ ਪ੍ਰਚਾਰ ਦਾ ਕਿਸਾਨੀ ਸ਼ੰਘਰਸ਼ ਉਪਰ ਬਹੁਤਾ ਅਸਰ ਵਿਖਾਈ ਨਹੀ ਦੇ ਰਿਹਾ।

ਅੱਸੀ ਫੀਸਦੀ ਤੋਂ ਵੱਧ ਦੁਨੀਆ ਦਾ ਹਿੱਸਾ ਕਿਸਾਨੀ ਨੇ ਖੇਤਰਫਲ ਦੇ ਰੂਪ ਵਿੱਚ ਆਪਣੇ ਥੱਲੇ ਰੱਖਿਆ ਹੋਇਆ ਹੈ। 3,4 ਬਿਲੀਅਨ ਲੋਕ ਜਾਂ 45% ਜਨਸੰਖਿਆ ਦੀ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ। ਅਫਰੀਕਾ ਵਿੱਚ ਅੰਦਾਜ਼ਨ 57% ਲੋਕਾਂ ਦੀ ਪਿੰਡਾਂ ਦੀ ਆਬਾਦੀ ਹੈ। ਅਤੇ ਆਬਾਦੀ ਦਾ 53% ਹਿੱਸਾ ਖੇਤੀਬਾੜੀ ਉਪਰ ਨਿਰਭਰ ਹੈ। ਅਮਰੀਕਾ ਵਿੱਚ ਕਿਸਾਨ ਸਾਰੇ ਉਤਪਾਦਨ ਦਾ 84% ਹਿੱਸਾ ਪੈਦਾ ਕਰਦਾ ਹੈ ਅਤੇ 78% ਜਮੀਨ ਉਪਰ ਖੇਤੀ ਕਰਦਾ ਹੈ। ਫੀਜ਼ੀ ਦੇਸ਼ ਵਿੱਚ 48 ਫੀਸਦੀ ਤੇ ਉਤਪਾਦਨ ਪੈਦਾ ਹੁੰਦਾ ਹੈ।

ਇਸੇ ਤਰ੍ਹਾਂ ਭਾਰਤ ਵਿੱਚ ਖੇਤੀਬਾੜੀ ਖੇਤਰ ਲੱਗਭੱਗ 3 ਟਰੀਲੀਅਨ ਡਾਲਰ ਦੀ ਆਰਥਿਕਤਾ ਵਿੱਚ 15% ਦਾ ਹਿੱਸਾ ਪਾਉਦਾ ਹੈ। ਦੇਸ਼ ਦੇ 1,3 ਬਿਲੀਅਨ ਲੋਕਾਂ ਨੂੰ ਰੁਜ਼ਗਾਰ ਦਿੰਦਾ ਹੈ। ਭਾਰਤ ਪੂਰੀ ਤਰ੍ਹਾਂ ਖੇਤੀਬਾੜੀ ਦੇ ਧੰਦੇ ਦੇ ਆਲੇ ਦੁਆਲੇ ਹੀ ਰੁਜ਼ਗਾਰ ਦੇ ਸਾਧਨ ਬਣਾਈ ਬੈਠਾ ਹੈ। ਉਦਯੋਗਿਕ ਪ੍ਰਣਾਲੀ ਨੂੰ ਪ੍ਰਫੁਲਤ ਕਰਨ ਲਈ ਬਹੁਤ ਘੱਟ ਯਤਨ ਹੋਏ ਹਨ। ਸ਼ਾਇਦ ਦੇਸ਼ ਵਿੱਚ ਨੀਤੀ ਨਾਲੋ ਵੱਧ ਰਾਜਨੀਤੀ ਨੇ ਪੈਰ ਪਸਾਰੇ ਹਨ। ਰਿਸ਼ਵਤ ਖੋਰੀ ਮੁੱਖ ਕਾਰਨ ਹਨ ਅਜ਼ਾਦੀ ਦੇ 73 ਸਾਲਾਂ ਬਾਅਦ ਵੀ ਆਰਥਿਕਤਾ ਪੈਰਾਂ ਸਿਰ ਨਾ ਹੋ ਕੇ ਹੱਥ ਅੱਡੀ ਖੜੀ ਨਜ਼ਰ ਆਉਂਦੀ ਹੈ। ਖੇਤੀਬਾੜੀ ਸਭ ਤੋ ਵੱਧ ਮਹਿਨਤ ਅਤੇ ਸਭ ਤੋਂ ਘੱਟ ਮੁਨਾਫਾ ਦਾ ਇਹ ਧੰਦਾ ਦੁਨੀਆਂ ਵਿੱਚ ਪਛੜਿਆ ਹੋਇਆ ਹੈ। ਦੁਨੀਆਂ ਵਿੱਚ ਕੋਈ ਵੀ ਦੇਸ਼, ਸਰਕਾਰ ਜਾਂ ਕਾਨੂੰਨ ਹਿੱਕ ਥਾਪੜ ਕੇ ਨਹੀਂ ਕਹਿ ਸਕਦੇ ਕਿ ਉਹ ਕਿਸਾਨੀ ਨਾਲ ਇਨਸਾਫ ਕਰ ਸਕੇ ਹਨ। ਇਕ ਆਦਮੀ ਤੋ ਲੈ ਕੇ ਸਾਰਾ ਪਰਿਵਾਰ ਖੇਤੀਬਾੜੀ ਵਿੱਚ ਸੱਤੇ ਦਿਨ ਬਿਨਾਂ ਘੜੀ ਦੀ ਸੂਈ ਦੇਖਿਆਂ ਪੱਹੁ-ਫੁੱਟਾਲੇ ਤੋ ਸੁਰੂ ਹੋ ਕੇ ਸੂਰਜ ਦੇ ਡੂੱਬਣ ਵੇਲੇ ਤੱਕ ਹੱਡ ਭੰਨਵੀਂ ਮਿਹਨਤ ਵੀ ਉਸ ਨੂੰ ਆਮਦਨ ਪੱਖੋਂ ਪੈਰਾਂ ਸਿਰ ਨਹੀਂ ਕਰ ਸਕੀ। ਕਿਸਾਨੀ ਹਮੇਸ਼ਾ ਰੱਬ ਅਤੇ ਸਰਕਾਰਾਂ ਦੇ ਰਹਿਮੋ-ਕਰਮ ਤੇ ਰਹੀ ਹੈ। ਹਰ ਦੇਸ਼ ਵਿੱਚ ਆਏ ਦਿਨ ਸੜਕਾਂ ਉੱਪਰ ਇਨਸਾਫ ਲਈ ਧਰਨੇ, ਟਰੈਕਟਰ ਮਾਰਚ, ਫਸਲਾਂ ਨੂੰ ਸੁੱਟਣਾ ਆਮ ਵਰਤਾਰਾ ਹੈ। ਖੇਤੀ ਧੰਦੇ ਵਿੱਚ ਅਨਾਜ, ਫਲ, ਦੁੱਧ ਦਹੀਂ, ਮੀਟ ਮੂਲ ਪੈਦਾਵਾਰੀ ਵਸਤਾਂ ਹਨ।

ਪਿਛਲੇ ਦਹਾਕੇ ਵਿੱਚ ਇੰਟਰਨੈੱਟ ਦੀ ਵਰਤੋਂ ਨਾਲ ਇਤਿਹਾਸਕ ਵਿਉਪਾਰੀਕਰਣ ਹੋਇਆ ਹੈ। ਵੱਡੇ ਵੱਡੇ ਵਿਉਪਾਰ ਇਸ ਮਾਧਿਅਮ ਰਾਹੀਂ ਲੋਕਾਂ ਦੇ ਘਰਾਂ ਤੱਕ ਪਹੁੰਚ ਗਏ ਹੈ। ਪਰ ਖੇਤੀ ਧੰਦੇ ਵਿੱਚ ਬਹੁਤਾ ਬਦਲਾਅ ਨਹੀਂ ਆ ਸਕਿਆ। ਪਰ ਹੁਣ ਕਾਰਪੋਰੇਟ ਲੋਕਾਂ ਨੇ ਇਸ ਧੰਦੇ ਨੂੰ ਪੂਰੀ ਪਕੜ ਵਿਚ ਲੈ ਕੇ ਭਾਰਤ ਦੇ ਵੱਡੇ ਖੇਤਰ ਉਪਰ ਆਪਣੀ ਆਜ਼ਾਰੇਦਾਰੀ ਨੂੰ ਕਾਇਮੀ ਵੱਲ ਵਧਣ ਦੇ ਲੱਛਣ ਦਿੱਸਣ ਲੱਗੇ ਹਨ। ਇਹ ਰਾਜਨੀਤੀ ਦੀ ਭਾਈਵਾਲੀ ਨਾਲ ਸੰਭਵ ਕੀਤਾ ਜਾ ਰਿਹਾ ਹੈ। ਕਿਉਂਕਿ ਰਾਜਨੀਤੀ ਦਾ ਵੱਡਾ ਹਿੱਸਾ ਇਹਨਾਂ ਦੇ ਦਬਾਅ ਹੇਠ ਹੈ। ਪਾਰਟੀਆਂ ਨੂੰ ਵੱਡੇ ਵੱਡੇ ਚੰਦੇ ਦੇ ਕੇ ਮਨਮਰਜ਼ੀ ਨਾਲ ਲੋਕਾਂ ਦਾ ਸ਼ੋਸ਼ਣ ਕੀਤਾ ਜਾ ਸਕਦਾ ਹੈ। ਸਰਕਾਰਾਂ ਦਾ ਕੰਮ ਹੁਣ ਗਰੀਬੀ ਹਟਾਉਣਾ ਨਹੀਂ... ਗਰੀਬਾਂ ਨੂੰ ਹਟਾਉਣਾਂ ਹੈ।

ਭਾਰਤ ਦੀ ਪਾਰਲੀਮੈਂਟ ਵਿੱਚ ਲਗਾਤਾਰ ਨਵੇਂ ਨਵੇਂ ਬਿੱਲ ਨੂੰ ਪਾਸ ਕੀਤੇ ਜਾ ਰਹੇ ਹਨ। ਪਹਿਲਾਂ ਸੰਵਿਧਾਨਿਕ ਸੋਧਾਂ ਨੂੰ ਹਮੇਸ਼ਾ ਵਿਰੋਧੀ ਧਿਰਾਂ ਦੀ ਸਹਿਮਤੀ ਜਾਂ ਵੋਟਿੰਗ ਤੋ ਬਾਅਦ ਹੀ ਕਾਨੂੰਨ ਦੀ



ਦਲਵਿੰਦਰ ਸਿੰਘ ਘੁੰਮਣ
+33630073111

ਆਗਿਆ ਮਿਲਦੀ ਸੀ। ਹੁਣ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਜਾਂ ਬਿੱਲ ਪਾਸ ਕਰਨ ਲਈ ਲੋੜੀਂਦੇ ਮੈਂਬਰਾਂ ਦੀ ਹਾਜ਼ਰੀ ਨੂੰ ਵੀ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਹੈ। ਜਿੱਥੇ ਕਿਸਾਨਾਂ ਦੇ ਵਿਰੁੱਧ ਕਾਨੂੰਨ ਬਣਾਏ ਗਏ ਹਨ। ਉਥੇ ਪੂੰਜੀਪਤੀਆਂ ਦੇ ਹੱਕ ਵਿੱਚ ਕਾਨੂੰਨਾਂ ਨੂੰ ਬਣਾਕੇ ਕਿਰਤੀਆਂ ਨੂੰ ਵਿਰੋਧ ਦਰਜ ਨਾ ਕਰਵਾਉਣ ਵਰਗੀਆਂ ਮੱਦਾਂ ਪਾ ਕੇ ਇੰਨਸਾਫ ਤੋ ਵਾਂਝਿਆਂ ਕੀਤਾ ਜਾ ਰਿਹਾ ਹੈ । ਕਿਸੇ ਵੀ ਹੜਤਾਲ ਕਰਨ ਲਈ ਸੱਠ ਦਿਨ ਪਹਿਲਾਂ ਆਗਿਆ ਦਾ ਲੈਣਾ ਜਰੂਰੀ ਕੀਤਾ ਗਿਆ ਹੈ। ਜਦੋਂ ਮਰਜ਼ੀ ਤਿੰਨ ਮਹੀਨੇ ਦੀ ਤਨਖਾਹ ਦੇ ਕੇ ਨੌਕਰੀ ਤੋ ਕੱਢਿਆ ਜਾ ਸਕਦਾ ਹੈ। ਮਤਲਬ ਹੜਤਾਲ ਦੀ ਮਨਜੂਰੀ ਮੰਗਣ ਦੇ ਨਾਲ ਹੀ ਉਸ ਕਿਰਤੀ ਨੂੰ ਮਾਲਕ ਨੌਕਰੀ ਤੋ ਫਾਰਗ ਕਰਨ ਦਾ ਰਾਹ ਪੱਧਰਾ ਸਕਦਾ ਹੈ। ਜਿਸ ਨਾਲ ਹਰ ਹਾਲਤ ਵਿੱਚ ਕਾਰੋਬਾਰੀਆਂ ਦੇ ਰਹਿਮੋਕ੍ਰਮ ਤੇ ਜੀਵਨ ਬਸਰ ਕਰਨਾ ਪਵੇਗਾ।

ਜੋ ਬਿੱਲ ਕਿਸਾਨੀ ਦੇ ਵਿਰੋਧ ਵਿਚ ਪਾਸ ਕੀਤਾ ਹੈ ਉਸ ਵਿੱਚ ਘੱਟੋ ਘੱਟ ਸਮਰਥਨ ਮੁੱਲ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਹੈ ਜੋ ਕਿ ਸਿੱਧਾ ਸਿੱਧਾ ਕਾਰੋਬਾਰੀਆਂ ਦੇ ਹੱਕ ਵਿੱਚ ਭੁਗਤਦਾ ਹੈ। ਕਿਸਾਨ ਨੂੰ ਸ਼ਾਇਦ ਉਸ ਦੀ ਲਾਗਤ ਵੀ ਪੂਰੀ ਨਾ ਮਿਲੇ। ਉਸ ਨੂੰ ਵੇਚਣ ਦੀ ਖੁੱਲ ਦਾ ਮਤਲਬ ਕਾਰੋਬਾਰੀ ਨੂੰ ਖੁੱਲ ਦੇਣਾ ਕਿ ਉਹ ਘੱਟ ਤੋ ਘੱਟ ਰੇਟ ਤੇ ਖਰੀਦ ਕੇ ਦੁਨੀਆਂ ਦੀ ਮੰਡੀ ਵਿੱਚ ਆਪਣੀ ਤਹਿ-ਸ਼ੁਦਾ ਕੀਮਤ ਪ੍ਰਾਪਤ ਕਰ ਸਕਦਾ ਹੈ। ਈ-ਮੰਡੀਆਂ ਨਾਲ ਜੋੜਨਾਂ ਜਾਂ ਈ-ਮੰਡੀਕਰਨ ਕੀਤਾ ਗਿਆ ਹੈ ਜਿਸ ਨਾਲ ਕਿਸਾਨ ਵਿਉਪਾਰੀ ਨਾਲ ਸਿੱਧਾ ਸੰਪਰਕ ਸਾਧਨ ਅਪਣਾ ਸਕੇਗਾ। ਖਰੀਦਦਾਰ ਨਾਲ ਖ੍ਰੀਦ ਮੁੱਲ ਤਹਿ ਕਰ ਸਕੇਗਾ। ਪਰ ਸਵਾਲ ਉਠਦਾ ਹੈ ਕੀ ਕਿਸਾਨਾਂ ਤੱਕ ਈ-ਮੰਡੀ ਦੇ ਤੌਰ-ਤਰੀਕਿਆਂ ਦੀ ਪਹੁੰਚ ਅਪਣਾਈ ਗਈ ਹੈ ? ਕਿਸਾਨੀ ਨੂੰ ਬਦਲਵੇ ਆਮਦਨ ਦੇ ਸਾਧਨਾ ਉਪਰ ਵਿਸ਼ਵਾਸ ਕਿਉ ਨਹੀ ਹੋਇਆ ? ਬਿਹਾਰ ਸਮੇਤ ਹੋਰ ਰਾਜਾਂ ਵਿੱਚ ਘੱਟੋ ਘੱਟ ਖਰੀਦ ਮੁੱਲ ਖਤਮ ਕਰਨ ਤੋ ਬਾਅਦ ਹਾਲਾਤ ਹੋਰ ਮੰਦੀ ਵਿੱਚ ਹਨ। ਕਿਸਾਨੀ ਦੀ ਅਨਪੜ੍ਹਤਾ ਇਸ ਵਿੱਚ ਵੱਡੀ ਰੁਕ-ਾਵਟ ਅਤੇ ਮੁਸੀਬਤਾਂ ਵਿੱਚ ਵਾਧਾ ਕਰੇਗੀ। ਖੁਦਕਸ਼ੀਆਂ ਵਿੱਚ ਵਾਧਾ ਹੋਣ ਦੇ ਆਸਰ ਵੱਧ ਗਏ ਹਨ। ਛੋਟੇ ਕਿਰਤੀਆਂ ਅਤੇ ਕਿਸਾਨਾਂ ਦੇ ਮਰਨ ਦੇ ਲੱਛਣ ਸਾਫ ਦਿਖਾਈ ਦਿੰਦੇ ਹਨ। ਪਹਿਲਾਂ ਤੋ ਹੀ ਪਛੜਿਆ ਕਿਸਾਨ ਆਪਣੀ ਫਸਲ ਦਾ ਮੰਡੀਕਰਨ ਕਰਨ ਵਿੱਚ ਪੱਛੜਿਆ ਹੈ। ਉਸ ਕੋਲ ਜਮਾਂ ਰੱਖ ਕੇ ਚੰਗੇ ਭਾਅ ਵੇਚਣ ਦੇ ਹੀਲੇ ਵਸੀਲੇ ਨਹੀ ਹਨ।

ਭਾਵੇਂ ਇਹ ਭਾਰਤ ਵਿੱਚ ਬਣੇ ਨਵੇਂ ਕਾਨੂੰਨ ਯੂਰਪ ਮੰਡੀ ਨਾਲ ਕਾਫੀ ਮੇਲ ਖਾਂਦੇ ਹਨ। ਕਿਸਾਨ ਸਾਰੇ ਯੂਰਪ ਵਿਚ ਕਿਤੇ ਵੀ ਜਾ ਕੇ ਆਪਣੀ ਮਰਜ਼ੀ ਦੇ ਮੁੱਲ ਦੇ ਭਾਅ ਨਾਲ ਵੇਚ ਸਕਦਾ ਹੈ। ਵਿਉਪਾਰੀ ਵੀ ਸਿਧੇ ਜਾਂ ਅਸਿੱਧੇ ਢੰਗ ਨਾਲ ਬੀਜ, ਖਰੀਦ ਸਕਦਾ ਹੈ। ਬਾਹਰਲੇ ਮੁਲਕਾਂ ਤੋ ਵੀ ਖਾਣੇ ਦੇ ਪੱਧਰ ਤੇ ਪੂਰੀ ਤਰ੍ਹਾਂ ਉਤਰਦੀਆਂ ਵਸਤਾਂ ਨੂੰ ਵਿੱਕਰੀ ਯੋਗ ਕਰਾਰ ਦਿੱਤਾ ਜਾਂਦਾ ਹੈ। ਪਰ ਭਾਰਤ ਵਿੱਚ ਇਸ ਕਾਨੂੰਨ ਦਾ ਵਿਰੋਧ ਨੂੰ ਜਾਇਜ ਠਹਿਰਾਇਆ ਜਾ ਸਕਦਾ ਹੈ ਕਿਉਂਕਿ ਕਿਰਤੀ, ਮਜ਼ਦੂਰ, ਕਿਸਾਨ ਦੀ ਆਮਦਨ ਨੂੰ ਬਦਲਵੇ ਰੂਪ ਵਿੱਚ ਆਮਦਨ ਦੇ ਸਾਧਨ ਮੁਹੱਈਆ ਕਰਵਾਉਣੇ ਜਰੂਰੀ ਨਹੀ ਸਮਝੇ ਗਏ। ਜਿਵੇਂ ਯੂਰਪ ਵਿੱਚ ਲੋਕਾਂ ਨੂੰ ਖੇਤੀਬਾੜੀ ਤੋ ਦੂਰ ਕਰਨ ਲਈ ਉਦਯੋਗਿਕ ਨੀਤੀ ਤਹਿਤ ਰੁਜ਼ਗਾਰ ਪੈਦਾ ਕੀਤੇ ਗਏ। ਆਹਿਸਤਾ ਆਹਿਸਤਾ ਜਨਤਾ ਦਾ ਸ਼ਹਿਰਕਰਣ ਕਰਕੇ ਰੋਜਗਾਰ ਮੁਹੱਈਆ ਕਰਵ-ਾਇਆ ਗਿਆ। ਰੋਜਗਾਰ ਅਤੇ ਖੇਤੀਬਾੜੀ ਵਿੱਚ ਗਰੰਟੀ ਅਤੇ ਬੀਮਾ ਜਰੂਰੀ ਕੀਤਾ ਗਿਆ। ਵਧੇਰੇ ਵੱਸੋਂ ਸ਼ਹਿਰਾ ਵਿੱਚ ਅਤੇ ਰੁਜ਼ਗਾਰ ਦੇ ਸਾਧਨ ਇੰਡਸਟਰੀ, ਉਦਯੋਗ ਉਪਰ ਜਿਆਦਾ ਹਨ। ਸਧਾਰਨ ਸਮੇ ਵਿੱਚ ਬੇਰੁਜ਼ਗਾਰੀ ਔਸਤਨ 5 ਤੋ10% ਤੱਕ ਰਹਿੰਦੀ ਹੈ। ਕਰ ਕਾਨੂੰਨਾਂ ਰਾਹੀਂ ਸਰਕਾਰੀ ਟੈਕਸਾਂ ਵਿੱਚੋ ਗਰੀਬੀ ਅਤੇ ਬੇਰੁਜ਼ਗਾਰੀ ਦੀ ਭਰਪਾਈ ਕੀਤੀ ਜਾਂਦੀ ਹੈ। ਪਰ ਭਾਰਤ ਵਿੱਚ ਇਕੱਲੇ ਕਾਨੂੰਨ ਨੂੰ ਬਣਾਕੇ ਪੇਸ਼ ਕਰ ਦੇਣਾਂ ਮੁਰਖਤਾ ਪੱਖੀ ਕਾਰਵਾਈ ਹੈ। ਜਿਵੇਂ ਨੋਟ ਬੰਦੀ ਵੇਲੇ ਜਿਥੇ ਮੁਲਕ ਦੀ ਆਰਥਿਕਤਾ ਨੂੰ ਢਾਹ ਲੱਗੀ। ਉਥੇ ਲੋਕਾਂ ਦੀ ਰੋਜ਼ ਮਰਹਾ ਜਿੰਦਗੀ ਦੀ ਚਾਲ ਪੱਟਰੀ ਤੋ ਉਤਰ ਗਈ। ਸੌ ਤੋਂ ਵੱਧ ਮੌਤਾਂ ਹੋ ਗਈਆਂ। ਮੋਦੀ ਸਰਕਾਰ ਦੇ ਦਿਤੇ ਅੰਕੜਿਆਂ ਵਿੱਚ ਪਹਿਲੇ ਪੰਜ ਸਾਲਾ ਕਾਰਜ ਕਾਲ ਵਿੱਚ ਵਿੱਚ ਪੰਜ ਤੋ ਸੱਤ ਹਜਾਰ ਮੰਡੀਆਂ ਨੂੰ ਈ-ਮੰਡੀ ਨਾਲ ਜੋੜਿਆ ਗਿਆ। ਜੋ ਕਿਸਾਨਾ ਲਈ ਬਹੁਤ ਲਾਹੇਵੰਦ ਢੰਗ ਨਹੀਂ ਮੰਨਿਆ ਜਾ ਸਕਦਾ। ਪਰ ਦੂਜੀ ਵਾਰ ਦੀ ਮੋਦੀ ਸਰਕਾਰ ਵਿੱਚ ਈ-ਮੰਡੀਆਂ ਤੇ ਕੱਛੂ ਦੀ ਚਾਲੇ ਵੀ ਕੰਮ ਨਹੀਂ ਹੋਇਆ। ਕੋਈ ਅੰਕੜੇ ਜਾਂ ਲਾਭ ਸੂਚੀ ਲੋਕਾਂ ਤੱਕ ਨਹੀਂ ਪਹੁੰਚ ਸਕੀ।

2019 ਵਿੱਚ ਯੂਰਪ ਵਿੱਚ ਜਰਮਨ, ਫਰਾਂਸ, ਆਇਰਲੈਂਡ ਵਿੱਚ ਕਿਸਾਨਾਂ ਨੇ ਵੱਡੀਆ ਹੜਤਾਲਾ ਕਰਕੇ ਦੁਧ, ਮੀਟ ਆਦਿ ਲਈ ਕੀਮਤਾਂ ਵਿੱਚ ਵਾਧੇ ਲਈ ਸ਼ਹਿਰਾਂ ਦੇ ਸ਼ਹਿਰ ਜਾਮ ਕਰ ਦਿੱਤੇ ਸਨ। ਬਰਲਿਨ ਵਿੱਚ ਪੰਜ ਹਜਾਰ ਟਰੈਕਟਰਾਂ ਨੇ ਸਰਕਾਰ ਨੂੰ ਜਲਦੀ ਗੋਡੇ ਭਾਰ ਲੈ ਆਦਾਂ। ਕਿਸਾਨ ਮੰਗਦੇ ਸਨ ਕਿ ਕਾਰੋਬਾਰੀ ਕੰਪਨੀਆਂ ਨੂੰ ਚੀਜ਼ਾਂ ਲਈ ਵਧੇਰੇ ਭੁਗਤਾਨ ਕਰਨਾ ਚਾਹੀਦਾ ਹੈ ਅਤੇ ਅੰਤਰਰਾਸ਼ਟਰੀ ਵਪਾਰ ਸੰਧੀਆਂ ਉਨ੍ਹਾਂ ਲਈ ਕੰਮ ਨਹੀਂ ਕਰਦੀਆਂ। ਸੋ ਲੋਕ ਰਾਏ ਤੋ ਬਿਨਾਂ ਧੜਾ ਧੜ ਨਵੇਂ ਕਾਨੂੰਨਾਂ ਨੂੰ ਪਾਸ ਕਰੀ ਜਾਣਾ। ਹਮ ਖਿਆਲੀ ਪਾਰਟੀਆਂ ਜਾਂ ਸਰਕਾਰ ਦਾ ਹਿੱਸਾ ਬਣੀਆਂ ਪਾਰਟੀਆਂ ਉਪਰ ਆਪਣਾ ਪ੍ਰਭਾਵ ਬਣਾਕੇ ਦਬਾਅ ਦਾ ਮਾਹੌਲ ਪੈਦਾ ਕਰਕੇ ਲੋਕ ਆਵਾਜ਼ ਨੂੰ ਨਜ਼ਰ ਅੰਦਾਜ਼ ਕਰਨ ਬਰਾਬਰ ਹੈ।

ਇਸ ਦਾ ਦੂਸਰਾ ਪੱਖ ਵੀ ਜੋ ਇਹਨਾਂ ਕਾਨੂੰਨਾਂ ਦੇ ਪਿਛੇ ਛਿਪਿਆ ਨਜ਼ਰ ਆਉਂਦਾ ਹੈ। ਪੰਜਾਬ ਸੂਬੇ ਦੀ ਭਗੋਲਿਕ ਸਥਿਤੀ ਬਹੁਤ ਅਗਾਂਹਵਧੂ ਹੈ। ਮੈਦਾਨੀ ਇਲਾਕੇ ਕਰਕੇ ਉਪਜਾਊ ਹੋਣ ਦੇ ਨਾਲ ਨਾਲ ਕੁਦਰਤੀ ਪਾਣੀ ਦੇ ਸੋਮਿਆਂ, ਦਰਿਆਵਾਂ, ਨਹਿਰਾਂ ਦਾ ਮਾਲਕ ਹੈ। ਸਰਬ ਧਰਮ, ਪੰਥ, ਗ੍ਰੰਥ, ਭਾਸ਼ਾ ਇਸ ਨੂੰ ਭਾਰਤ ਦੇ ਨਾਲ ਨਾਲ ਦੁਨੀਆਂ ਵਿੱਚ ਵੱਖਰੀ ਪਛਾਣ ਦੇਂਦੇ ਹਨ। ਆਜ਼ਾਦੀ ਦੀ ਲੜਾਈ ਜਿੱਤਣ ਤੋ ਬਾਅਦ ਆਪਣੇ ਹੱਕੀ ਮੰਗਾਂ ਲਈ ਬਹੁਤ ਸ਼ੰਘਰਸ਼ ਲੜਦਾ ਆ ਰਿਹਾ ਹੈ। ਪੰਜਾਬੀ ਸੂਬੇ ਦੀ ਮੰਗ, ਧਰਮ ਦੀ ਹੋਂਦ ਦੀ ਸਵਿਧਾਨਿਕ ਮੰਗ, ਪਾਣੀਆਂ ਦੀ ਮੰਗ, ਇਲਾਕਿਆਂ ਦੀ ਮੰਗ, ਚੰਡੀਗੜ੍ਹ ਦੀ ਮੰਗ ਆਦਿ ਜਿਹੜੀਆਂ ਜਾਇਜ਼ ਮੰਗ ਪੰਜਾਬੀਆਂ ਨੂੰ ਸ਼ਾਂਤ ਕਰ ਸਕਦੀਆ ਸਨ। ਪਰ ਪੰਜਾਬ ਨਾਲ ਬੇਇਨਸਾਫੀ ਦੀ ਦਾਸਤਾਨ ਲੰਬੀ ਹੈ। ਕੀ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਅਸਿੱਧੇ ਢੰਗ ਨਾਲ ਪੰਜਾਬ ਦੀ ਤਬਾਹੀ ਦੇ ਮਨਸੂਬਿਆਂ ਦੀ ਉਗੜਵੀ ਤਸਵੀਰ ਹੈ ? ਜੇ ਹੈ ਤਾਂ ਇਸ ਨੂੰ ਆਖਰੀ ਹਮਲਾ ਮੰਨਦੇ ਹੋਏ ਇਹਨਾਂ ਕਾਨੂੰਨਾਂ ਦਾ ਡੱਟਕੇ ਵਿਰੋਧ ਕਰਨਾ ਚਾਹੀਦਾ ਹੈ। ਇੰਨਸਾਫ ਲਈ ਭਾਰਤ ਸਮੇਤ ਸਾਰੇ ਸੰਸਾਰ ਵਿੱਚ ਵਿਰੋਧ ਦਰਜ਼ ਕਰਵਾਉਣਾ ਚਾਹੀਦਾ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224


# ਚੌਂਕੀਦਾਰ ਦੇਸ਼ ਦਾ



ਬਲਤੇਜ ਸੰਧੂ ਬੁਰਜ ਲੱਧਾ
ਪਿੰਡ ਬੁਰਜ ਲੱਧਾ, ਜ਼ਿਲਾ ਬਠਿੰਡਾ।
ਵੱਟਸ ਅੱਪ 9465818158

*ਦੇਸ਼ ਦਾ ਅੰਨਦਾਤਾ ਸੜਕਾਂ ਤੇ*
*ਰੁੱਲਦਾ ਫਿਰਦਾ*
*ਵਾਹ ਵਾਹ ਕਿਸਮਤੇ ਤੇਰੇ ਵਾਰੇ*
*ਨਿਆਰੇ*
*ਸਰਕਾਰਾਂ ਤੇ ਚਾਪਲੂਸ ਲੋਟੂ ਟੋਲੇ*
*ਮੌਜਾਂ ਕਰਦੇ*
*ਸਰਕਾਰੀ ਮਹਿਲਾ ਵਿੱਚ ਬਹਿ ਕੇ*
*ਲੁੱਟ ਦੇ ਰੋਜ਼ ਨਜਾਰੇ*

*ਸੜਕਾਂ ਪੁੱਟਕੇ ਪਾਣੀ ਦੀਆਂ ਬੁਛਾੜਾਂ*
*ਮਾਰ ਕੇ*
*ਇਹ ਪਾਖੰਡੀ ਦੇਸ਼ ਭਗਤ ਹੋਣ ਦਾ*
*ਦਾਅਵਾ ਕਰਦੇ*
*ਆਪਣੇ ਹਿੱਸੇ ਦੇ ਹੱਕ ਲੈਣ ਲਈ*
*ਸੜਕਾਂ ਉੱਤੇ ਬੈਠੇ*
*ਦਿੱਲੀ ਵਿੱਚ ਬਿਨਾਂ ਕਸੂਰੋ ਨਿੱਤ*
*ਕਿਸਾਨ ਨੇ ਮਰਦੇ*
*ਮੋਟੀਆਂ ਤਨਖਾਹਾਂ ਪੰਜ ਪੰਜ*
*ਪੈਨਸਲਾਂ ਲੈ ਕੇ ਵੀ ਸਬਰ ਨਹੀਂ*
*ਡਾਕੇ ਕਿਸਾਨ ਮਜ਼ਦੂਰਾਂ ਦੇ ਹੱਕਾਂ ਤੇ*
*ਤੁਸੀਂ ਮਾਰ ਰਹੇ*
*ਦਿੱਲੀ ਵਿੱਚ ਬਹਿ ਕਿਸਾਨ ਨੇ*
*ਪਿਕਨਿਕ ਮਨਾਉਂਦੇ*
*ਅੱਤ ਦਰਜੇ ਦੇ ਘਟੀਆ ਬਿਆਨ*
*ਦਾਗ ਦੇ ਭਕਾਈ ਮਾਰ ਰਹੇ*

*ਅਜ਼ਾਦੀ ਮਗਰੋਂ ਹੋਇਆ ਇਹੋ*
*ਜਿਹਾ ਇਹ ਪਹਿਲਾਂ ਅੰਦੋਲਨ*
*ਏਦਾਂ ਦਾ ਇਸ ਤੋਂ ਪਹਿਲਾਂ ਨਾ ਮੈਂ*
*ਪੜਿਆਂ ਨਾ ਮੈਂ ਸੁਣਿਆਂ*
*ਅੰਨਦਾਤੇ ਨੂੰ ਮਾਰਨ ਲਈ ਇਹਨਾਂ*
*ਜਾਲਮ ਸਰਕਾਰਾਂ ਨੇ*
*ਬੜਾ ਸੋਚ ਸਮਝ ਕੇ ਜਾਲ ਕਿਸਾਨ*
*ਲਈ ਹੈ ਬੁਣਿਆਂ*

*ਅੜੀਅਲ ਰਵੱਈਆ ਅਪਣਾਇਆ*
*ਕਾਰਪੋਰੇਟ ਦਾ ਬਣ ਬੈਠਾ*
*ਉਂਝ ਇੱਕ ਲੀਡਰ ਖੁਦ ਨੂੰ*
*ਚੌਂਕੀਦਾਰ ਦੇਸ਼ ਦਾ ਅਖਵਾਉਂਦਾ*
*ਸਾਹੀ ਠਾਠ ਬਾਠ ਅਣਗਿਣਤ ਦੇਸਾਂ*
*ਦੇ ਚੱਕਰ ਲਾ ਲਏ ਸੰਧੂਆਂ*
*ਮੈਂ ਸੁਣਿਆ ਦੱਸ ਲੱਖ ਦਾ ਸੂਟ*
*ਪਹਿਨਦਾ ਫਿਰ ਵੀ ਫਕੀਰ*
*ਕਹਾਉਂਦਾ।*

# ਪੰਜਾਬ ਵਿੱਚ ਰਿਲਾਇੰਸ ਜੀਓ ਦੇ ਦੋ ਦਰਜਨ ਸਟੋਰ ਅਤੇ ਸੈਂਟਰ ਬੰਦ

## * ਲੋਕਾਂ ਵੱਲੋਂ ਜੀਓ ਦੇ ਨੰਬਰ ਛੱਡਣ ਨਾਲ ਢਾਹ ਲੱਗੀ

ਚੰਡੀਗੜ੍ਹ, 5 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਖਿਲਾਫ ਸੰਘਰਦੀ ਕਰਨ ਵਾਲੀਆਂ ਕਿਸਾਨ ਜਥੇਬੰਦੀਆਂ ਵੱਲੋਂ ਐਲਾਨੇ ਬਾਈਕਾਟ ਨੇ ਰਿਲਾਇੰਸ ਜੀਓ ਦਾ ਅੱਧੇ ਪੰਜਾਬ ਵਿੱਚ ਕੰਮ ਰੁਕਵਾ ਦਿੱਤਾ ਹੈ। ਕਿਸਾਨ ਧਿਰਾਂ ਵੱਲੋਂ ਬਾਈਕਾਟ ਦੀ ਅਪੀਲ ਸਭ ਤੋਂ ਵੱਧ ਪੰਜਾਬ 'ਚ ਮੰਨੀ ਗਈ ਅਤੇ ਲੋਕਾਂ ਨੇ ਰਾਤੋ-ਰਾਤ ਜੀਓ ਦੇ ਕੁਨੈਕਸ਼ਨ ਪੋਰਟ ਕਰਾਉਣੇ ਸ਼ੁਰੂ ਕਰ ਦਿੱਤੇ ਸਨ। ਪੰਜਾਬ ਵਿੱਚ ਜੀਓ ਦੇ ਕਰੀਬ 1.40 ਕਰੋੜ ਕੁਨੈਕਸ਼ਨ ਹਨ, ਜੋ ਇਸ ਰਾਜ ਵਿਚ ਕੁੱਲ ਮੋਬਾਈਲ ਫੋਨ ਕੁਨੈਕਸ਼ਨਾਂ ਦਾ 36 ਫੀਸਦੀ ਬਣਦੇ ਸਨ।




ਪਤਾ ਲੱਗਾ ਹੈ ਕਿ ਇਸ ਸਮੇਂ ਪੰਜਾਬ ਵਿੱਚ ਰਿਲਾਇੰਸ ਜੀਓ ਦੇ 8936 ਮੋਬਾਈਲ ਟਾਵਰਾਂ ਵਿੱਚੋਂ 2197 ਟਾਵਰ ਪੂਰੀ ਤਰ੍ਹਾਂ ਪ੍ਰਭਾਵਤ ਹੋਏ ਹਨ, ਜਿਸ ਨਾਲ ਕਿਸਾਨੀ ਰੋਹ ਹੇਠ ਕਿਸੇ ਨਾ ਕਿਸੇ ਰੂਪ ਵਿੱਚ 25 ਫੀਸਦੀ ਟਾਵਰਾਂ 'ਤੇ ਅਸਰ ਪਿਆ ਅਤੇ ਲੱਖਾਂ ਜੀਓ ਗਾਹਕ ਪ੍ਰਭਾਵਤ ਹੋਏ ਹਨ। ਰਿਲ-ਾਇੰਸ ਦਾ ਕਹਿਣਾ ਹੈ ਕਿ ਇਹ ਟਾਵਰ ਨੁਕਸਾਨੇ ਗਏ ਜਾਂ ਫਿਰ ਉਨ੍ਹਾਂ ਦੀ ਗਾਹਕ ਸੇਵਾ ਪ੍ਰਭਾਵਤ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਵਿੱਚ ਪੰਜ ਰਿਲ-ਾਇੰਸ ਡਿਜੀਟਲ ਸਟੋਰ ਬੰਦ ਹੋ ਗਏ ਹਨ। ਬਠਿੰਡੇ ਦਾ ਰਿਲਾਇੰਸ ਮਾਰਟ ਸਭ ਤੋਂ ਪਹਿਲਾਂ ਦੋ ਅਕਤੂਬਰ ਨੂੰ ਬੰਦ ਕਰਵਾ ਦਿੱਤਾ ਗਿਆ ਸੀ। ਉਸ ਤੋਂ ਬਾਅਦ 13 ਅਕਤੂਬਰ ਨੂੰ ਜਲੰਧਰ ਦੇ ਆਰ ਆਰ ਐਲ ਪੁੱਡਾ ਮਾਲ ਵਾਲਾ ਰਿਲਾਇੰਸ ਡਿਜੀਟਲ ਸਟੋਰ ਬੰਦ ਹੋ ਗਿਆ ਅਤੇ ਕਿਸਾਨੀ ਰੋਹ ਵਧਣ ਮਗਰੋਂ 18 ਅਕਤੂਬਰ ਨੂੰ ਕਿਸਾਨਾਂ ਨੇ ਜ਼ੀਰਕਪੁਰ ਵਿੱਚ ਡਿਜੀਟਲ ਜ਼ੀਰਕਪੁਰ, ਅੰਮ੍ਰਿਤਸਰ ਦੇ ਅਲਫਾ ਮਾਲ ਵਿੱਚ ਅਤੇ ਮੁਹਾਲੀ 'ਚ ਰਿਲਾਇੰਸ ਡਿਜੀਟਲ ਸਟੋਰ ਬੰਦ ਕਰਵਾ ਦਿੱਤਾ ਸੀ। ਇਸੇ ਤਰ੍ਹਾਂ ਪੰਜਾਬ ਵਿੱਚ ਅੱਠ ਜੀਓ ਸੈਂਟਰ ਵੀ ਕਿਸਾਨਾਂ ਨੇ ਬੰਦ ਕਰਵਾਏ ਹਨ, ਜਿਨ੍ਹਾਂ ਵਿੱਚ ਅੰਮ੍ਰਿਤਸਰ ਤੇ ਬਠਿੰਡਾ ਵਾਲਾ ਜੀਓ ਸੈਂਟਰ ਸ਼ੁਰੂ ਤੋਂ ਬੰਦ ਕਰਵਾ ਦਿੱਤਾ ਗਿਆ ਸੀ। ਮਾਨਸਾ, ਜਲੰਧਰ ਦੇ ਦੋ ਸੈਂਟਰ ਅਤੇ ਸੰਗਰੂਰ ਦਾ ਜੀਓ ਸੈਂਟਰ ਬਾਅਦ ਵਿੱਚ ਬੰਦ ਕਰਾਏ ਗਏ ਸਨ। ਉਸ ਪਿੱਛੋਂ ਜਗਰਾਉਂ ਦਾ ਜੀਓ ਸੈਂਟਰ ਅਤੇ ਰਾਮਪੁਰਾ ਫੂਲ ਦਾ ਜੀਓ ਸੈਂਟਰ ਬੰਦ ਕਰਾਇਆ ਹੈ, ਪਰ ਸਟਾਫ ਨੂੰ ਹਾਜ਼ਰੀ ਲਾਉਣ ਦੀ ਆਗਿਆ ਦੇ ਦਿੱਤੀ ਹੈ।ਪੰਜਾਬ ਵਿੱਚ 11 ਜੀਓ ਪੁਆਇੰਟ ਖੇਮਕਰਨ, ਕੋਟਸ਼ਮੀਰ, ਆਲਮਵਾਲਾ, ਸਾਦਿਕ, ਕਰਤਾਰ-ਪੁਰ, ਗੜ੍ਹਸ਼ੰਕਰ, ਮਾਹਿਲਪੁਰ, ਕਾਂਜਲਾ, ਅਜੀਤਵਾਲ ਤੇ ਭਦੌੜ ਬੰਦ ਕਰਾਏ ਗਏ ਹਨ। ਇਨ੍ਹਾਂ ਵਿੱਚੋਂ 10 ਸੈਂਟਰ ਸ਼ੁਰੂ ਵਿੱਚ ਬੰਦ ਕਰਵਾ ਦਿੱਤੇ ਗਏ ਸਨ ਅਤੇ 24 ਅਕਤੂਬਰ ਨੂੰ ਭਦੌੜ ਦਾ ਜੀਓ ਪੁਆਇੰਟ ਬੰਦ ਕਰਾਇਆ ਗਿਆ। ਰਿਲਾਇੰਸ ਜੀਓ ਦੇ ਪੰਜਾਬ ਵਿੱਚ ਕਰੀਬ 250 ਦਫਤਰਾਂ ਤੋਂ ਬਿਨਾਂ 300 ਪ੍ਰਮੁੱਖ ਥਾਵਾਂ ਹਨ।

ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ ਇੰਡੀਆ ਦੀ ਤਾਜ਼ਾ ਰਿਪੋਰਟ ਅਨੁਸਾਰ ਪੰਜਾਬ ਵਿੱਚ ਰਿਲਾਇੰਸ ਜੀਓ ਦੇ ਐਕਟਿਵ ਕੁਨੈਕਸ਼ਨਾਂ ਦੀ ਗਿਣਤੀ ਅਕਤੂਬਰ ਵਿੱਚ ਘਟ ਗਈ ਹੈ। ਜੀਓ ਦੇ ਸਤੰਬਰ ਵਿੱਚ 66.56 ਫੀਸਦੀ ਕੁਨੈਕਸ਼ਨ ਐਕਟਿਵ ਸਨ, ਜੋ ਅਕਤੂਬਰ ਵਿੱਚ 65.93 ਫੀਸਦੀ ਰਹਿ ਗਏ ਹਨ। ਰਿਲਾਇੰਸ ਜੀਓ ਨੇ ਪਿਛਲੇ ਸਾਲ 28 ਅਕਤੂਬਰ ਨੂੰ ਪੰਜਾਬ ਦੇ ਚੀਫ ਸੈਕਟਰੀ ਅਤੇ ਪੰਜਾਬ ਪੁਲਸ ਦੇ ਡੀ ਜੀ ਪੀ ਨੂੰ ਪੱਤਰ ਲਿਖ ਕੇ ਪੁਲਸ ਸੁਰੱਖਿਆ ਦੀ ਮੰਗ ਕੀਤੀ ਸੀ। ਹਫਤਾ ਕੁ ਪਹਿਲਾਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਵੀ ਰਿਲਾਇੰਸ ਦੇ ਟਾਵਰ ਬਹਾਲ ਕਰਨ ਲਈ ਹਦਾਇਤਾਂ ਦਿੱਤੀਆਂ ਸਨ। ਇਸ ਮਗਰੋਂ ਪੁਲਸ ਨੇ ਸਾਰੇ ਥਾਣਿਆਂ ਨੂੰ ਹੁਕਮ ਜਾਰੀ ਕਰ ਕੇ ਟਾਵਰਾਂ ਦੀ ਬਿਜਲੀ ਸਪਲਾਈ ਬਹਾਲ ਕਰ ਦਿੱਤੀ ਸੀ। ਲੁਧਿਆਣਾ ਜ਼ਿਲ੍ਹੇ ਦੇ ਥਾਣਾ ਟਿੱਬਾ ਵਿੱਚ ਇੱਕ ਪੁਲਸ ਕੇਸ ਵੀ ਅਣਪਛਾਤੇ ਅਨਸਰਾਂ ਖਿਲਾਫ ਦਰਜ ਕਰ ਲਿਆ ਸੀ।

## ਪੰਜਾਬ ਸਰਕਾਰ ਵੱਲੋਂ ਕੈਲੰਡਰ ਉਤੇ ਲਾਈ ਗੁਰੂ ਸਾਹਿਬ ਦੀ ਤਸਵੀਰ ਨਾਲ ਕਾਪੀਰਾਈਟ ਦਾ ਮੁੱਦਾ ਉੱਠਿਆ

ਚੰਡੀਗੜ੍ਹ, 5 ਜਨਵਰੀ (ਪੋਸਟ ਬਿਊਰੋ)- ਨਵੇਂ ਸਾਲ ਮੌਕੇ ਪੰਜਾਬ ਸਰਕਾਰ ਵੱਲੋਂ ਬਣਾਇਆ ਗਿਆ ਕੈਲੰਡਰ ਵਿਵਾਦਾਂ ਵਿੱਚ ਆ ਗਿਆ ਹੈ। ਸਰਕਾਰ ਨੇ ਕੈਲੰਡਰ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਫੋਟੋ ਛਾਪੀ ਹੈ। ਮਹਾਨ ਕਲਾਕਾਰ ਸਵਰਗੀ ਸੋਭਾ ਸਿੰਘ ਦੀ ਧੀ ਗੁਰ-ਚਰਨ ਕੌਰ ਦਾ ਕਹਿਣਾ ਹੈ ਕਿ ਇਸ ਫੋਟੋ ਦੇ ਕਾਪੀਰਾਈਟ ਉਨ੍ਹਾਂ ਕੋਲ ਹਨ ਤੇ ਪੰਜਾਬ ਸਰਕਾਰ ਵੱਲੋਂ ਫੋਟੋ ਛਾਪਣਾ ਕਾਪੀਰਾਈਟ ਦੀ ਉਲੰਘਣਾ ਹੈ। ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਸਕੱਤਰ ਗੁਰਕੀਰਤ ਕਿਰਪਾਲ ਸਿੰਘ ਨੇ ਗੁਰਚਰਨ ਕੌਰ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਸੋਭਾ ਸਿੰਘ ਜਿਹੇ ਮਹਾਨ ਕਲਾਕਾਰ ਦੀ ਪੇਂਟਿੰਗ ਪੂਰੇ ਮਨੁੱਖੀ ਸਮਾਜ ਲਈ ਹੈ, ਇਸ ਨਾਲ ਕਾਪੀਰਾਈਟ ਦੀ ਉਲੰਘਣਾ ਨਹੀਂ ਹੁੰਦੀ।

ਅਸਲ ਵਿੱਚ ਪੰਜਾਬ ਸਰਕਾਰ ਇਸ ਵਕਤ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਪੁਰਬ ਮਨਾ ਰਹੀ ਹੈ। ਇਸ ਕਾਰਨ ਪੰਜਾਬ ਸਰਕਾਰ ਨੇ ਨਵੇਂ ਸਾਲ 'ਤੇ ਛਪਵਾਏ ਆਪਣੇ ਕੈਲੰਡਰ ਉਤੇ ਗੁਰੂ ਤੇਗ ਬਹਾਦਰ ਜੀ ਦੀ ਫੋਟੋ ਛਾਪੀ ਹੈ। ਇਸ ਫੋਟੋ ਦਾ ਕਿਸੇ ਨੂੰ ਕ੍ਰੈਡਿਟ ਨਹੀਂ ਦਿੱਤਾ ਗਿਆ ਹੈ। ਗੁਰਚਰਨ ਕੌਰ ਦਾ ਕਹਿਣਾ ਹੈ ਕਿ ਰਜਿਸਟਰੇਸ਼ਨ ਨੰਬਰ ਏ 43872/84 ਹੇਠ ਇਸ ਫੋਟੋ ਨੂੰ ਛਪਣ ਦੇ ਸਾਰੇ ਅਧਿਕਾਰ ਉਨ੍ਹਾਂ ਦੇ ਪਰਵਾਰ ਕੋਲ ਹਨ।ਅਜਿਹੇ ਵਿੱਚ ਪੰਜਾਬ ਸਰਕਾਰ ਨੇ ਸਿੱਧਾ-ਸਿੱਧਾ ਕਾਪੀਰਾਈਟ ਦੀ ਉਲੰਘਣਾ ਕੀਤੀ ਹੈ। ਕੈਲੰਡਰ ਵਿੱਚ ਉਨ੍ਹਾਂ ਦੇ ਪਿਤਾ ਦਾ ਨਾਂਅ ਵੀ ਹਟਾ ਦਿੱਤਾ ਗਿਆ ਹੈ। ਇਸ ਵਿਵਾਦ ਦੇ ਉਠਣ ਤੋਂ ਬਾਅਦ ਪੰਜਾਬ ਸਰਕਾਰ ਸਮਝੌਤਾ ਕਰਨਰੁੱਝ ਗਈ ਹੈ।

ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਸੈਕਟਰੀ ਗੁਰਕੀਰਤ ਕ੍ਰਿਪਾਲ ਸਿੰਘ ਨੇ ਗੁਰਚਰਨ ਕੌਰ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਸੋਭਾ ਸਿੰਘ ਮਹਾਨ ਕਲਾਕਾਰ ਸਨ, ਉਨ੍ਹਾਂ ਦੀ ਪੇਂਟਿੰਗ ਪੂਰੇ ਮਨੁੱਖੀ ਸਮਾਜ ਲਈ ਹੈ। ਉਨ੍ਹਾਂ ਨੇ ਪੱਤਰ ਵਿੱਚ ਇਹ ਵੀ ਲਿਖਿਆ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਤਸਵੀਰ ਇੰਟਰਨੈਟ 'ਤੇ ਹੈ। ਉਥੋਂ ਸਾਰੇ ਲੋਕ ਇਸ ਨੂੰ ਡਾਊਨਲੋਡ ਕਰਦੇ ਹਨ। ਸੂਚਨਾ ਤੇ ਲੋਕ ਸੰਪਰਕ ਵਿਭਾਗ ਨੇ ਵੀ ਉਥੋਂ ਫੋਟੋ ਡਾਊਨਲੋਡ ਕੀਤੀ ਹੈ। ਸੈਕਟਰੀ ਨੇ ਆਪਣੇ ਪੱਤਰ ਵਿੱਚ ਲਿਖਿਆ ਕਿ ਗੁਰੂ ਸਾਹਿਬ ਅਤੇ ਗੁਰੂ ਪੁਰਬ ਕਿਸੇ ਕਾਪੀਰਾਈਟ ਤਹਿਤ ਬੱਝੇ ਨਹੀਂ ਹਨ।

### ਖੇਤੀ ਕਾਨੂੰਨਾਂ ਦਾ ਮਾਮਲਾ :

## ਹਰਸਿਮਰਤ ਕੌਰ ਨੂੰ ਕੈਬਨਿਟ ਵਿੱਚ ਕੀਤੇ ਵਿਰੋਧ ਦੀ ਕਾਪੀ ਦਿਖਾਉਣ ਦੀ ਚੁਣੌਤੀ



ਮੋਗਾ, 5 ਜਨਵਰੀ (ਪੋਸਟ ਬਿਊਰੋ)- ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਖੇਤੀ ਕਾਨੂੰਨਾਂ ਦੇ ਖਿਲਾਫ ਸਿਆਸਤ ਭਖਣ ਪਿੱਛੋਂ ਅਕਾਲੀ ਦਲ (ਡੈਮੋਕ੍ਰੇਟਿਕ) ਨੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਕੇਂਦਰੀ ਕੈਬਨਿਟ ਵਿੱਚ ਬਿੱਲ ਪੇਸ਼ ਹੋਣ ਵੇਲੇ ਦਰਜ ਕਰਵਾਏ ਵਿਰੋਧ ਦੀ ਕਾਪੀ ਪੇਸ਼ ਕਰਨ ਦੀ ਚੁਣੌਤੀ ਦਿੱਤੀ ਹੈ।

ਵਰਨਣ ਯੋਗ ਹੈ ਕਿ ਬੀਤੇ ਦਿਨੀਂ ਹਰਸਿਮਰਤ ਕੌਰ ਨੇ ਇਹ ਬਿਆਨ ਦਿੱਤਾ ਸੀ ਕਿ ਜੇ ਵਿਰੋਧੀ ਪਾਰਟੀਆਂ ਖੇਤੀ ਆਰਡੀਨੈਂਸ ਬਾਰੇ ਉਨ੍ਹਾਂ ਦੀ ਸਹਿਮਤੀ ਦੀ ਗੱਲ ਸਾਬਤ ਕਰ ਦੇਣ ਤਾਂ ਉਹ ਸਿਆਸਤ ਛੱਡ ਦੇਣਗੇ। ਇਸ ਦੌਰਾਨ ਉਨ੍ਹਾਂ ਨੇ ਆਰਡੀਨੈਂਸਾਂ ਅਤੇ ਬਿੱਲਾਂ 'ਤੇ ਦਸਤਖਤ ਨਾ ਕਰਨ ਬਾਰੇ ਵੀ ਕਿਹਾ ਸੀ। ਇਸ ਬਾਰੇ ਅਕਾਲੀ ਦਲ ਡੈਮੋਕ੍ਰੇਟਿਕ ਦੇ ਕੌਮੀ ਬੁਲਾਰੇ ਅਤੇ ਪੰਜਾਬ ਦੇ ਸਾਬਕਾ ਸੂਚਨਾ ਕਮਿਸ਼ਨਰ ਨਿਧੜਕ ਸਿੰਘ ਬਰਾੜ ਨੇ ਹਰਸਿਮਰਤ ਕੌਰ 'ਤੇ ਝੂਠ ਬੋਲਣ ਦਾ ਦੋਸ਼ ਲਾ ਕੇ ਕਿਹਾ ਕਿ ਕੈਬਨਿਟ ਦੇ ਫੈਸਲੇ 'ਤੇ ਕਿਸੇ ਮੰਤਰੀ ਦੇ ਦਸਖਤ ਨਹੀਂ ਹੁੰਦੇ। ਸਟੇਟ ਵਿੱਚ ਚੀਫ ਸੈਕਟਰੀ ਅਤੇ ਕੇਂਦਰ ਵਿੱਚ ਕੈਬਨਿਟ ਸੈਕਟਰੀ ਕਾਰਵਾਈ ਲਿਖ ਕੇ ਦਸਖਤ ਕਰਦੇ ਹਨ। ਜੇ ਕਿਸੇ ਮੱਦ 'ਤੇ ਕਿਸੇ ਮੰਤਰੀ ਦਾ ਇਤਰਾਜ਼ ਦਰਜ ਕੀਤਾ ਜਾਂਦਾ ਹੈ ਤਾਂ ਉਹ ਰਿਕਾਰਡ ਦਾ ਹਿੱਸਾ ਬਣਦਾ ਹੈ। ਉਨ੍ਹਾਂ ਕਿਹਾ ਕਿ ਜੇ ਹਰਸਿਮਰਤ ਕੌਰ ਨੇ ਵੀ ਵਿਰੋਧ ਦਰਜ ਕਰਾਇਆ ਸੀ ਤਾਂ ਉਹ ਇਸ ਦੀ ਕਾਪੀ ਵਿਖਾਉਣ। ਇਸ ਤੋਂ ਇਲਾਵਾ ਸੁਖਬੀਰ ਸਿੰਘ ਬਾਦਲ ਤਿੰਨ ਮਹੀਨੇ ਆਰਡੀਨੈਂਸਾਂ ਦੇ ਹੱਕ ਵਿੱਚ ਛੱਜ ਕਿਉਂ ਕੁੱਟਦੇ ਰਹੇ। ਬਾਦਲਾਂ ਨੇ ਕਈ ਮਹੀਨੇ ਤੱਕ ਕੇਂਦਰੀ ਕਾਨੂੰਨਾਂ ਦੀ ਖੁੱਲ੍ਹ ਕੇ ਹਮਾਇਤ ਕੀਤੀ, ਪਰ ਸੂਬੇ 'ਚ ਕਿਸਾਨਾਂ ਵੱਲੋਂ ਕੀਤੇ ਭਾਰੀ ਵਿਰੋਧ ਪਿੱਛੋਂ ਉਨ੍ਹਾਂ ਨੇ ਕਦਮ ਪਿਛਾਂਹ ਖਿੱਚੇ ਸਨ।

## ਹਜ਼ਾਰਾਂ ਸਰਵਿਸ ਪ੍ਰੋਵਾਈਡਰਾਂ ਨੂੰ ਵਿਭਾਗ ਦੇ ਭੇਜੇ ਨੋਟਿਸ ਵਾਪਸ ਲੈਣ ਦੀ ਮੰਗ ਉੱਠੀ

ਜਲੰਧਰ, 5 ਜਨਵਰੀ (ਪੋਸਟ ਬਿਊਰੋ)- ਜਲੰਧਰ ਦੀ ਸੀ ਏ ਐਸੋਸੀਏਸ਼ਨ ਦੇ ਜਨਰਲ ਸਕੱਤਰ ਅਸ਼ਵਨੀ ਜਿੰਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿੱਤ ਮੰਤਰੀ ਨਿਰਮਲਾ ਸੀਤਾ ਰਮਨ ਨੂੰ ਪੱਤਰ ਲਿਖ ਕੇ ਸਰਵਿਸ ਟੈਕਸ ਵਿਭਾਗ ਦੇ ਅਧਿਕਾਰੀਆਂ ਵੱਲੋਂ ਸਰਵਿਸ ਪ੍ਰੋਵਾਈਡਰਾਂ ਨੂੰ ਭੇਜੇ ਜਾ ਰਹੇ ਨੋਟਿਸ ਦਾ ਮਾਮਲਾ ਉਠਾਇਆ ਹੈ। ਅਸ਼ਵਨੀ ਜਿੰਦਲ ਨੇ ਇਸ ਪੱਤਰ ਵਿੱਚ ਲਿਖਿਆ ਹੈ ਕਿ ਕੇਂਦਰੀ ਐਕਸਾਈਜ਼ ਐਂਡ ਕਸਟਮ ਵਿਭਾਗ ਦੇ ਕੇਂਦਰੀ ਟੈਕਸ ਡਿਪਾਰਟਮੈਂਟ ਨੇ ਸ਼ਹਿਰ ਦੇ ਹਜ਼ਾਰਾਂ ਸਰਵਿਸ ਪ੍ਰੋਵਾਈਡਰਾਂ ਨੂੰ ਵਿੱਤੀ ਸਾਲ 2014-15 ਦੇ ਸਰਵਿਸ ਟੈਕਸ ਦੇ ਡਿਫਾਲਟਰ ਦੱਸ ਕੇ ਕਾਰਨ ਦੱਸੋ ਨੋਟਿਸਨਾਜਾਇਜ ਜਾਰੀ ਕੀਤੇ ਹਨ, ਜਿਸ ਨਾਲ ਲੋਕ ਪਰੇਸ਼ਾਨ ਹਨ। ਵਿਭਾਗ ਨੇ ਜਿਨ੍ਹਾਂ ਲੋਕਾਂ ਨੂੰ ਨੋਟਿਸ ਜਾਰੀ ਕੀਤੇ ਹਨ, ਉਨ੍ਹਾਂ ਵਿੱਚੋਂ ਕੋਰੋਨਾ ਵਾਇਰਸ ਦੇ ਮਾਹਰ ਮੰਨੇ ਜਾਂਦੇ ਡਾਕਟਰ ਵੀ ਸ਼ਾਮਲ ਹਨ ਅਤੇ ਇਹ ਡਾਕਟਰ ਸਰਵਿਸ ਟੈਕਸ ਦੇ ਦਾਇਰੇ ਵਿੱਚ ਨਹੀਂ ਆਉਂਦੇ। ਅਸ਼ਵਨੀ ਜਿੰਦਲ ਨੇ ਕਿਹਾ ਕਿ ਵਿਭਾਗ ਕੋਲ ਪੰਜ ਸਾਲ ਪੁਰਾਣੇ ਉਨ੍ਹਾਂ ਹੀ ਕੇਸਾਂ ਵਿੱਚ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੀ ਅਥਾਰਿਟੀ ਹੈ, ਜਿਨ੍ਹਾਂ ਵਿੱਚੋਂ ਸਰਕਾਰ ਦੇ ਨਾਲ ਟੈਕਸ ਚੋਰੀ ਦੀ ਧੋਖਾਧੜੀ ਰਿਪੋਰਟ ਕੀਤੀ ਗਈ ਹੋ, ਪਰ ਵਿਭਾਗ ਦੇ ਅਧਿਕਾਰੀਆਂ ਨੇ ਆਮਦਨ ਟੈਕਸ ਰਿਟਨਰਸ ਦੇ ਆਧਾਰ 'ਤੇ ਨਾਜ-ਾਇਜ ਤੌਰ 'ਤੇ ਪੰਜ ਸਾਲ ਪਹਿਲੇ ਦੇ ਕੇਸਾਂ ਵਿੱਚ ਨੋਟਿਸ ਜਾਰੀ ਕਰ ਦਿੱਤੇ। ਅਜਿਹੇ ਨੋਟਿਸ ਸਿਰਫ਼ ਢਾਈ ਸਾਲ ਪੁਰਾਣੇ ਕੇਸਾਂ ਵਿੱਚਕੱਢੇ ਜਾ ਸਕਦੇ ਹਨ।ਜਿੰਦਲ ਨੇ ਕਿਹਾ ਕਿ ਅਧਿਕਾਰੀ ਕੋਰੋਨਾ ਦੌਰ ਵਿੱਚ ਲੋਕਾਂ ਨੂੰ ਇਹ ਨੋਟਿਸ ਭੇਜ ਕੇ ਪਰੇਸ਼ਾਨ ਕਰ ਰਹੇ ਹਨ।ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਤੁਰੰਤ ਉਨ੍ਹਾਂ ਨੋਟਿਸਾਂ ਨੂੰ ਵਾਪਸ ਲੈ ਲਵੇ ਅਤੇ ਇਸ ਦੇ ਲਈ ਜ਼ਿੰਮੇਵਾਰ ਅਧਿਕਾਰੀਆਂ ਦੇ ਖ਼ਿਲਾਫ਼ ਕਾਰਵਾਈ ਕਰੇ।

## ਅੱਖਾਂ ਵਿੱਚ ਮਿਰਚਾਂ ਪਾ ਕੇ ਸੋਨੇ ਦੀ ਚੇਨ ਤੇ ਨਕਦੀ ਲੁੱਟਣ ਵਾਲੇ ਕਾਬੂ



ਬਠਿੰਡਾ, 5 ਜਨਵਰੀ (ਪੋਸਟ ਬਿਊਰੋ)- ਕੱਲ੍ਹ ਰਾਤ ਲੁਟੇਰਿਆਂ ਨੇ ਮਾਲ ਰੋਡ ਉਤੇ ਇੱਕ ਵਪਾਰੀ ਦੀਆਂ ਅੱਖਾਂ 'ਚ ਮਿਰਚਾਂ ਪਾ ਕੇ 50 ਹਜ਼ਾਰ ਰੁਪਏ ਦੀ ਨਕਦੀ ਤੇ ਸੋਨੇ ਦੀ ਚੇਨ ਝਪਟ ਕੇ ਫ਼ਰਾਰ ਹੋਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਆਮ ਲੋਕਾਂ ਨੇ ਅਸਫ਼ਲ ਬਣਾ ਦਿੱਤਾ ਅਤੇ ਲੁਟੇਰਿਆਂ ਨੂੰ ਕਾਬੂ ਕਰਕੇ ਥਾਣਾ ਕੋਤਵਾਲੀ ਪੁਲਸ ਦੇ ਹਵਾਲੇ ਕਰ ਦਿੱਤਾ।

ਮਿਲੇ ਵੇਰਵੇ ਅਨੁਸਾਰ ਹਿਸਾਰ ਤੋਂ ਆ ਕੇ ਬਠਿੰਡੇ ਦੇ ਇੱਕ ਹੋਟਲ 'ਚ ਰੁਕਿਆ ਵਪਾਰੀ ਜੋਗਿੰਦਰ ਕੁਮਾਰ ਉਰਫ਼ ਵਿਨੋਦ ਮਹਿਤਾ ਜਦ ਆਪਣੀ ਗੱਡੀ 'ਚ ਬੈਠਿਆ ਤਾਂ ਦੋ ਮੋਟਰ ਸਾਈਕਲਾਂ ਉਤੇ ਸਵਾਰ ਲੁਟੇਰਿਆਂ ਨੇ ਉਸ ਕੋਲੋਂ ਕੋਈ ਅਡਰੈਸ ਪੁੱਛਣ ਦਾ ਬਹਾਨਾ ਬਣਾਕੇ ਉਸ ਨਾਲ ਗੱਲਬਾਤ ਸ਼ੁਰੂ ਕਰ ਦਿਤੀ ਅਤੇ ਉਸ ਦੀ ਗਲੇ 'ਚ ਪਾਈ ਸੋਨੇ ਦੀ ਚੇਨ ਝਪਟ ਲਈ ਅਤੇ ਉਸ ਦੇ ਹੱਥ 'ਚੋਂ 50 ਹਜ਼ਾਰ ਰੁਪਏ ਦੀ ਨਕਦੀ ਖੋਹ ਕੇ ਲੈ ਗਏ। ਜਦ ਵਪਾਰੀ ਨੇ ਰੌਲਾ ਪਾਇਆ ਤਾਂ ਕੁਝ ਲੋਕਾਂ ਨੇ ਪਿੱਛਾ ਕਰਕੇ ਉਕਤ ਲੁਟੇਰੇ ਬੀਬੀ ਵਾਲਾ ਰੋਡ ਤੋਂ ਇੱਕ ਗਲੀ 'ਚੋਂ ਕਾਬੂ ਕਰ ਲਏ ਤੇ ਕੁਟਾਪਾ ਵੀ ਚਾੜਿਆ। ਬਾਅਦ ਵਿੱਚ ਲੁਟੇਰਿਆਂ ਨੂੰ ਥਾਣਾ ਕੋਤਵਾਲੀ ਪੁਲਸ ਦੇ ਹਵਾਲੇ ਕਰ ਦਿੱਤਾ। ਉਨ੍ਹਾਂ ਕੋਲੋਂ ਚੇਨ ਮਿਲ ਗਈ, ਪਰ ਅਜੇ ਤੱਕ ਪੈਸੇ ਨਹੀਂ ਮਿਲੇ।ਵਪਾਰੀ ਮਾਲ ਰੋਡ 'ਤੇ ਕੱਪੜੇ ਦਾ ਸ਼ੋਅ ਰੂਮ ਖੋਲ੍ਹਣ ਲਈ ਇੱਥੇ ਰੁਕਿਆ ਸੀ। ਲੁਟੇਰਿਆਂ ਨੇ ਅੱਖਾਂ 'ਚ ਮਿਰਚਾਂ ਪਾ ਕੇ ਇਹ ਵਾਰਦਾਤ ਕੀਤੀ ਸੀ।

ਨੌਜਵਾਨ ਵੈਲਫ਼ੇਅਰ ਸਭਾ ਦੇ ਆਗੂ ਮਹੇਸ਼ਵਰੀ ਨੇ ਕਿਹਾ ਕਿ ਸ਼ਹਿਰ ਵਿੱਚ ਦਿਨੋ ਦਿਨ ਵਾਰਦਾਤਾਂ ਵੱਧ ਰਹੀਆਂ ਹਨ। ਕੱਲ੍ਹ ਕਿੱਕਰ ਬਾਜ਼ਾਰ 'ਚ ਇੱਕ ਔਰਤ ਤੋਂ ਪਰਸ ਖੋਹ ਕੇ ਝੱਪਟਮਾਰ ਫ਼ਰਾਰ ਹੋ ਗਏ ਅਤੇ ਅਜੀਤ ਰੋਡ 'ਤੇ ਇੱਕ ਲੜਕੀ ਦੀ ਚੇਨ ਖੋਹ ਕੇ ਲੁਟੇਰੇ ਭੱਜ ਗਏ ਸਨ। ਥਾਣਾ ਕੋਤਵਾਲੀ ਦੇ ਮੁਖੀ ਦਵਿੰਦਰ ਸਿੰਘ ਨੇ ਦਸਿਆ ਕਿ ਉਕਤ ਦੋਵਾਂ ਲੁਟੇਰਿਆਂ ਨੂੰ ਫੜ ਲਿਆ ਗਿਆ ਹੈ ਅਤੇ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕੋਲੋਂ ਸੋਨੇ ਦੀ ਚੇਨ ਬਰਾਮਦ ਹੋ ਗਈ ਹੈ। ਅਜੇ ਪੈਸੇ ਨਹੀਂ ਮਿਲੇ। ਉਨ੍ਹਾਂ ਕੋਲੋਂ ਹੋਰ ਪੁੱਛਗਿੱਛ ਅਜੇ ਕੀਤੀ ਜਾਣੀ ਹੈ।

## ਬਰਡ ਫਲੂ ਨਾਲ 2401 ਪੰਛੀਆਂ ਦੀ ਮੌਤ

ਤਲਵਾੜਾ, 5 ਜਨਵਰੀ (ਪੋਸਟ ਬਿਊਰੋ)- ਪੌਂਗ ਡੈਮ ਵੈਟਲੈਂਡ ਵਿੱਚ ਬਰਡ ਫਲੂ ਨੇ ਦਸਤਕ ਦੇ ਦਿੱਤੀ ਹੈ। ਜਲੰਧਰ ਵਿਚਲੇ ਨਾਰਥ ਰੀਜਨਲ ਡਿਸੀਜ਼ ਡਾਇਗਨੋਸਟਿਕ ਲੈਬ 'ਚ ਹੋਈ ਜਾਂਚ ਤੋਂ ਬਾਅਦ ਇਹ ਖੁਲਾਸਾ ਹੋਇਆ ਹੈ, ਜਿੱਥੇ ਦੋ ਪੰਛੀਆਂ ਦੀਆਂ ਲਾਸ਼ਾਂ ਦੀ ਜਾਂਚ ਵਿੱਚ ਬਰਡ ਫਲੂ ਦੇ ਲੱਛਣ ਸਾਹਮਣੇ ਆਏ ਹਨ। ਇਨ੍ਹਾਂ ਦੋ ਪੰਛੀਆਂ ਦੇ ਸੈਂਪਲ ਇਸ ਲੈਬ ਵਿੱਚ ਜਾਂਚ ਲਈ ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਭੇਜੇ ਗਏ ਸਨ।



ਲੈਬ ਦੇ ਇੰਚਾਰਜ ਡਾ: ਐਮ ਪੀ ਸਿੰਘ ਨੇ ਕਿਹਾ ਕਿ ਬੱਤਖਾਂ ਦੇ ਦੋ ਸੈਂਪਲ ਜਾਂਚ ਲਈ ਆਏ ਸਨ, ਜਿਨ੍ਹਾਂ ਵਿੱਚ ਬਰਡ ਫਲੂ ਦੇ ਲੱਛਣ ਮਿਲੇ ਹਨ। ਉਨ੍ਹਾਂ ਨੇ ਕਿਹਾ ਕਿ ਬਰਡ ਫਲੂ ਦੇ ਲੱਛਣ ਮਿਲਣ ਤੋਂ ਬਾਅਦ ਪਸ਼ੂ ਪਾਲਣ ਵਿਭਾਗ ਨੇ ਪੰਜਾਬ ਵਿੱਚ ਵੀ ਅਲਰਟ ਜਾਰੀ ਕਰ ਦਿੱਤਾ ਹੈ। ਪੌਂਗ ਵੈਟਲੈਂਡ ਦੇ ਦਸ ਕਿਲੋਮੀਟਰ ਘੇਰੇ ਵਿੱਚ ਸਰਵੇ ਕੀਤਾ ਜਾਵੇਗਾ। ਕੱਲ੍ਹ ਪੌਂਗ ਡੈਮ ਵੈਟਲੈਂਡ 'ਚ 627 ਵਿਦੇਸ਼ੀ ਪੰਛੀਆਂ ਦੀ ਮੌਤ ਹੋ ਗਈ ਅਤੇ ਇਨ੍ਹਾਂ 'ਚੋਂ 122 ਧਮੇਟਾ ਵੀਟ ਅਤੇ 505 ਨਗਰੋਟਾ ਸੂਰੀਆਂ 'ਚ ਮ੍ਰਿਤਕ ਪਾਏ ਗਏ ਹਨ। ਪੌਂਗ ਡੈਮ ਵੈਟਲੈਂਡ 'ਚ ਮ੍ਰਿਤਕ ਪੰਛੀਆਂ ਦਾ ਅੰਕੜਾ ਵਧ ਕੇ 2401 ਹੋ ਗਿਆ ਹੈ। ਜਾਂਚ ਲਈ ਵਾਈਲਡ ਲਾਈਫ ਇੰਸਟੀਚਿਊਟ ਆਫ ਇੰਡੀਆ, ਦੇਹਰਾਦੂਨ ਤੋਂ ਟੀਮ ਵੀ ਪੌਂਗ ਡੈਮ ਪੁੱਜ ਗਈ ਹੈ। ਇਸੇ ਦੌਰਾਨ ਪੌਂਗ ਝੀਲ ਵਿੱਚ ਸੈਲਾਨੀਆਂ ਦੇ ਆਉਣ 'ਤੇ ਰੋਕ ਲਾ ਦਿੱਤੀ ਗਈ ਹੈ।ਹਿਮਾ-ਚਲ ਪ੍ਰਦੇਸ਼ ਪਸ਼ੂ ਪਾਲਣ ਮੰਤਰੀ ਵਰਿੰਦਰ ਕੰਵਰ ਨੇ ਕਿਹਾ ਹੈ ਕਿ ਕਾਂਗੜਾ ਜ਼ਿਲ੍ਹੇ ਵਿੱਚ 10 ਕਿਲੋਮੀਟਰ ਦੇ ਘੇਰੇ ਵਿੱਚ ਪੋਲਟਰੀ ਉਤਪਾਦ ਨਸ਼ਟ ਕੀਤੇ ਜਾਣਗੇ। ਬਰਡ ਫਲੂ ਨੂੰ ਇਨਸਾਨ ਵਿੱਚ ਫੈਲਣ ਤੋਂ ਰੋਕਣ ਲਈ ਪੁਖਤਾ ਇੰਤਜ਼ਾਮ ਕੀਤੇ ਗਏ ਹਨ।

ਕੋਰੋਨਾ ਵਾਇਰਸ ਦੀ ਮਹਾਮਾਰੀ ਦੌਰਾਨ ਮੱਧ ਪ੍ਰਦੇਸ਼, ਪੰਜਾਬ, ਰਾਜਸਥਾਨ ਤੇ ਹਿਮਾਚਲ ਪ੍ਰਦੇਸ਼ ਦੇ ਨਾਲ ਕੇਰਲ ਰਾਜ ਵੀਬਰਡ ਫਲੂ ਦੀ ਲਪੇਟ 'ਚ ਆ ਗਿਆ ਹੈ। ਇਨ੍ਹਾਂ ਰਾਜਾਂ ਵਿੱਚ ਪਿਛਲੇ ਕੁਝ ਦਿਨਾਂ ਵਿੱਚ ਸੈਂਕੜੇ ਪੰਛੀਆਂ ਦੀ ਮੌਤ ਹੋ ਗਈ ਹੈ। ਬਿਹਾਰ, ਝਾਰਖੰਡ ਤੇ ਉਤਰਾਖੰਡ 'ਚ ਸੂਬਾ ਸਰਕਾਰਾਂ ਨੇ ਚੌਕਸੀ ਵਰਤਦੇ ਹੋਏ ਅਲਰਟ ਜਾਰੀ ਕੀਤਾ ਹੈ।

ਦੱਸਿਆ ਜਾਂਦਾ ਹੈ ਕਿ ਏਵੀਅਨ ਇੰਫਲੂਏਂਜ਼ਾ ਵਾਇਰਸ ਤੋਂ ਹੋਣ ਵਾਲੀ ਇਸ ਬਿਮਾਰੀ ਦੇ ਨਾਲ ਪੰਛੀ ਹੀ ਨਹੀਂ, ਮਨੁੱਖ ਵੀ ਪ੍ਰਭਾਵਤ ਹੋ ਸਕਦੇ ਹਨ। ਇਸ ਲਈ ਸਾਵਧਾਨੀ ਵਰਤਦੇ ਹੋਏ ਹਿਮਾਚਲ ਪ੍ਰਦੇਸ਼ 'ਚ ਮੱਛੀ, ਮੁਰਗੇ ਤੇ ਆਂਡਿਆਂ ਦੀ ਵਿਕਰੀ 'ਤੇ ਪਾਬੰਦੀ ਲਾ ਦਿੱਤੀ ਗਈ ਹੈ।ਰਾਜਸਥਾਨ 'ਚ ਕੱਲ੍ਹ ਸੂਬੇ ਵਿੱਚ 110 ਪੰਛੀਆਂ ਦੀ ਮੌਤ ਤੋਂ ਚਿੰਤਤ ਹੋਏ ਗਵਰਨਰ ਕਲਰਾਜ ਮਿਸ਼ਰ ਨੇ ਸੂਬਾ ਸਰਕਾਰ ਦੇ ਖੇਤੀ ਮੰਤਰੀ ਲਾਲਚੰਦ ਕਟਾਰੀਆ ਤੋਂ ਬਰਡ ਫਲੂ 'ਤੇ ਕੰਟਰੋਲ ਬਾਰੇ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਜਾਣਕਾਰੀ ਮੰਗੀ ਹੈ।

ਮੱਧ ਪ੍ਰਦੇਸ਼ ਵਿੱਚ ਬਰਡ ਫਲੂ ਦੇ ਕੇਸਾਂ ਦੀ ਸ਼ੁਰੂਆਤ ਇੰਦੌਰ ਸ਼ਹਿਰ ਤੋਂ ਹੋਈ ਸੀ। ਇਥੇ ਪਿਛਲੇ ਇੱਕ ਹਫਤੇ 'ਚ ਡੇਲੀ ਕਾਲਜ ਕੰਪਲੈਕਸ ਵਿੱਚ 148 ਕਾਂਵਾਂ ਦੀ ਮੌਤ ਹੋ ਚੁੱਕੀ ਹੈ। ਇਸ ਵਿੱਚ ਦੋ ਕਾਂਵਾਂ ਦੀਆਂ ਲਾਸ਼ਾਂ ਦੇ ਸੈਂਪਲ ਭੋਪਾਲ ਦੀ ਹਾਈ ਸਕਿਓਰਿਟੀ ਲੈਬ 'ਚ ਭੇਜੇ ਗਏ ਤਾਂ ਉਨ੍ਹਾਂ 'ਚ ਬਰਡ ਫਲੂ ਦੇ ਵਾਇਰਸ ਦੀ ਪੁਸ਼ਟੀ ਹੋਈ ਸੀ। ਇੰਦੌਰ ਵਿੱਚ ਡੇਲੀ ਕਾਲਜ ਕੰਪਲੈਕਸ ਦੇ ਇੱਕ ਕਿਲੋਮੀਟਰ ਘੇਰੇ 'ਚ ਰਹਿਣ ਵਾਲੇ ਲੋਕਾਂ ਵਿੱਚ ਸਰਦੀ, ਖਾਂਸੀ ਤੇ ਬੁਖਾਰ ਦੇ ਲੱਛਣ ਮਿਲੇ ਹਨ, ਸਿਹਤ ਵਿਭਾਗ ਵੱਲੋਂ ਉਨ੍ਹਾਂ ਦਾ ਕੋਰੋਨਾ ਟੈਸਟ ਕਰਵਾਇਆ ਗਿਆ ਹੈ।

## ਡੇਰੇ ਦੇ ਸੇਵਾਦਾਰ ਦਾ ਕਤਲ, ਲੋੜੀਂਦੇ ਦੋਸ਼ੀ ਦੀ ਵੀ ਮੌਤ

ਜੰਡਿਆਲਾ ਮੰਜਕੀ, 5 ਜਨਵਰੀ (ਪੋਸਟ ਬਿਊਰੋ)- ਜੰਡਿਆਲਾ-ਫਗਵਾੜਾ ਮੁੱਖ ਮਾਰਗ ਉੱਤੇ ਪਿੰਡ ਸਮਰਾਏ ਦੇ ਇੱਕ ਡੇਰੇ ਵਿੱਚ ਸੇਵਾਦਾਰ ਦੇ ਕਤਲ ਹੋਣ ਦਾ ਸਮਾਚਾਰ ਮਿਲਿਆ ਹੈ।

ਏ ਸੀ ਪੀ ਜਲੰਧਰ ਛਾਉਣੀ ਮੇਜਰ ਸਿੰਘ ਢੱਡਾ ਨੇ ਦੱਸਿਆ ਕਿ ਉਨ੍ਹਾਂ ਨੂੰ ਦੇਰ ਰਾਤ ਕਤਲ ਦੀ ਸੂਚਨਾ ਮਿਲੀ ਤਾਂ ਉਹ ਥਾਣਾ ਸਦਰ ਜਲੰਧਰ ਦੇ ਮੁਖੀ ਕਮਲਜੀਤ ਸਿੰਘ ਨਾਲ ਜਾਂਚ ਕਰਨ ਲਈ ਗਏ ਸਨ। ਥਾਣਾ ਮੁਖੀ ਨੇ ਦੱਸਿਆ ਕਿ ਬਲਵਿੰਦਰ ਪੁੱਤਰ ਧਰਮਾ ਵਾਸੀ ਸਮਰਾਏ, ਜੋ ਦੁੱਧ ਦੀ ਦੁਕਾਨ ਕਰਦਾ ਹੈ, ਨੇ ਪੁਲਸ ਨੂੰ ਦੱਸਿਆ ਕਿ ਉਹ ਉਸ ਡੇਰੇ ਦਾ ਖਜ਼ਾਨਚੀ ਹੈ। ਡੇਰੇ ਦੇ ਪ੍ਰਬੰਧਕਾਂ ਨੇ ਵਿਸਾਖਾ ਰਾਮ ਪੁੱਤਰ ਕ੍ਰਿਸ਼ਨ ਰਾਮ ਵਾਸੀ ਬੀਰ ਪਿੰਡ ਨੂੰ ਉਕਤ ਡੇਰੇ ਦੀ ਸੇਵਾ ਲਈ ਰੱਖਿਆ ਸੀ ਅਤੇ ਉਸ ਦੇ ਨਾਲ ਪਾਲ ਚੰਦ ਪੁੱਤਰ ਅਮਰਚੰਦ ਵਾਸੀ ਸਮਰਾਏ ਸੇਵਾਦਾਰ ਰੱਖਿਆ ਸੀ। ਤਿੰਨ ਕੁ ਮਹੀਨੇ ਪਹਿਲਾਂ ਵਿਸਾਖਾ ਰਾਮ ਅਤੇ ਪਾਲ ਚੰਦ ਦਾ ਝਗੜਾ ਹੋਇਆ ਸੀ, ਜਿਸ ਕਾਰਨ ਪਾਲ ਚੰਦ ਡੇਰਾ ਛੱਡ ਕੇ ਚਲਾ ਗਿਆ ਸੀ। ਉਸ ਨੇ ਪੁਲਸ ਨੂੰ ਦੱਸਿਆ ਕਿ 24 ਦਸੰਬਰ ਨੂੰ ਵਿਸਾਖਾ ਰਾਮ ਮੇਰੀ ਦੁਕਾਨ ਉਤੇ ਆਇਆ ਅਤੇ ਡੇਰੇ ਦੀਆਂ ਚਾਬੀਆਂ ਮੈਨੂੰ ਦੇ ਕੇ ਕਿਹਾ ਕਿ 'ਮੈਂ ਆਪਣੇ ਨਾਨਕੇ ਜਾਣਾ ਹੈ।' ਸ਼ਾਮ ਨੂੰ ਉਸ ਨਾਲ ਫ਼ੋਨ ਤੇ ਸੰਪਰਕ ਕਰਨ 'ਤੇ ਉਸ ਨੇ ਕਿਹਾ ਕਿ "ਮੈਂ ਆਪਣਾ ਕੰਮ ਕਰ ਦਿੱਤਾ ਹੈ। ਤੁਸੀਂ ਡੇਰੇ ਦਾ ਪ੍ਰਬੰਧ ਸੰਭਾਲ ਲਓ, ਮੈਂ ਨਹੀਂ ਆਉਣਾ।" ਮੁਕੱਦਮੇ 'ਚ ਲੋੜੀਂਦੇ ਵਿਅਕਤੀ ਦੇ ਪਿੰਡ 'ਚ ਜਾ ਕੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਉਕਤ ਵਿਅਕਤੀ ਦੀ ਵੀ ਕੁਝ ਦਿਨ ਪਹਿਲਾਂ ਮੌਤ ਹੋ ਗਈ ਹੈ।

## ਇੱਕ ਜਨਵਰੀ ਤੋਂ ਲਾਪਤਾ ਵਿਅਕਤੀ ਦਾ ਕਤਲ

ਫਿਲੌਰ, 5 ਜਨਵਰੀ (ਪੋਸਟ ਬਿਊਰੋ)- ਇਸ ਕਸਬੇ ਦੀ ਅਕਲਪੁਰ ਰੋਡ 'ਤੇ ਮੁਹੱਲਾ ਸੰਤੋਖਪੁਰਾ ਦੇ ਰਹਿਣ ਵਾਲੇ ਤੀਹ ਸਾਲਾ ਨੌਜਵਾਨ ਦੀ ਲਾਸ਼ ਰੇਲਵੇ ਲਾਈਨਾਂ ਕੋਲ ਮਿਲਣ ਤੋਂ ਭੜਕੇ ਉਸ ਦੇ ਘਰਦਿਆਂ ਅਤੇ ਇਲਾਕਾਵਾਸੀਆਂ ਨੇ ਨੈਸ਼ਨਲ ਹਾਈਵੇ ਜਾਮ ਕਰ ਦਿੱਤਾ ਤਾਂ ਨੈਸ਼ਨਲ ਹਾਈਵੇ 'ਤੇ ਅੱਠ ਕਿਲੋਮੀਟਰ ਲੰਮੀਆਂ ਲਾਈਨਾਂ ਲੱਗ ਗਈਆਂ।

ਮ੍ਰਿਤਕ ਹਰਮੇਸ਼ ਲਾਲ ਦੇ ਚਾਚਾ ਹੰਸ ਰਾਜ ਨੇ ਦੱਸਿਆ ਕਿ ਹਰਮੇਸ਼ ਨੇ ਕੁਝ ਦਿਨ ਪਹਿਲਾਂ ਫਗਵਾੜਾ ਦੇ ਇੱਕ ਨੌਜਵਾਨ ਦੇ ਨਾਲ ਪਾਰਟਨਰਸ਼ਿਪ ਵਿੱਚ ਕੰਮ ਸ਼ੁਰੂ ਕੀਤਾ ਸੀ। ਪਹਿਲੀ ਜਨਵਰੀ ਨੂੰ ਉਹ ਫਗਵਾੜੇ ਤੋਂ ਕੰਮ 'ਤੇ ਗਿਆ, ਪਰ ਵਾਪਸ ਨਹੀਂ ਆਇਆ। ਪਰਵਾਰ ਵਾਲੇ ਫਿਲੌਰ ਅਤੇ ਫਗਵਾੜਾ ਪੁਲਸ ਦੇ ਚੱਕਰ ਕੱਟਦੇ ਰਹੇ, ਪਰ ਉਨ੍ਹਾਂ ਦੀ ਇੱਕ ਨਹੀਂ ਸੁਣੀ ਗਈ। ਸ਼ਾਮ 7.30 ਵਜੇ ਹਰਮੇਸ਼ ਦੇ ਘਰ ਨੇੜੇ ਰੇਲਵੇ ਲਾਈਨ




ਕੋਲੋਂ ਉਸ ਦੀ ਲਾਸ਼ ਮਿਲੀ।ਇਸ ਦੇ ਬਾਅਦ ਹਰਮੇਸ਼ ਲਾਲ ਦੇ ਘਰਦੇ ਅਤੇ ਇਲਾਕਾਵਾਸੀ ਗੁੱਸੇ ਵਿੱਚ ਆ ਗਏ। ਉਨ੍ਹਾਂ ਨੇ ਲੁਧਿਆਣਾ, ਜਲੰਧਰ, ਨੂਰਮਹਿਲ ਤੇ ਨਵਾਂ ਸ਼ਹਿਰ ਜਾਣ ਵਾਲੇ ਚਾਰੇ ਹਾਈਵੇ 'ਤੇ ਧਰਨਾ ਲਾ ਦਿੱਤਾ। ਇਸ ਦੇ ਦੋ ਘੰਟੇ ਬਾਅਦ ਡੀ ਐਸ ਪੀ ਸੁਹੇਲ ਕਾਸਿਮ ਮੀਰ ਅਤੇ ਤਹਿਸੀਲਦਾਰ ਤਪਨ ਭਨੋਟ ਨੇ ਪਰਵਾਰ ਅਤੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਲਾਸ਼ ਦਾ ਪੋਸਟਮਾਰਟਮ ਡਾਕਟਰਾਂ ਦੇ ਪੈਨਲ ਤੋਂ ਕਰਵਾਇਆ ਜਾਵੇਗਾ ਅਤੇ ਉਸ ਦੀ ਵੀਡੀਓਗਰਾਫੀ ਹੋਵੇਗੀ। ਇਸ ਪਿੱਛੋਂ ਹਾਈਵੇ ਤੋਂ ਧਰਨਾ ਖਤਮ ਕੀਤਾ ਗਿਆ।

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

## ਨੇਤਾ ਜੀ ਸੁਭਾਸ਼ ਚੰਦਰ ਬੋਸ ਨਾਲ ਸਬੰਧਤ ਦਸਤਾਵੇਜ਼ ਜਾਰੀ ਕਰੋ: ਮਮਤਾ ਬੈਨਰਜੀ



ਕੋਲਕਾਤਾ, 5 ਜਨਵਰੀ (ਪੋਸਟ ਬਿਊਰੋ)- ਪੱਛਮੀ ਬੰਗਾਲ 'ਚ ਅਗਲੀਆਂ ਵਿਧਾਨ ਸਭਾ ਚੋਣਾਂ ਕਾਰਨ ਪਾਰਟੀਆਂ ਵੱਖ-ਵੱਖ ਤਰ੍ਹਾਂ ਦੇ ਮੁੱਦੇ ਚੁੱਕ ਰਹੀਆਂ ਹਨ। ਇਸ ਮੌਕੇ ਸਿਆਸੀ ਬਿਆਨ ਅਤੇ ਰਾਜਨੀਤਕ ਹਿੰਸਾ ਦੀਆਂ ਘਟਨਾਵਾਂ ਵੀ ਹੋਣ ਲੱਗੀਆਂ ਹਨ। ਇਸ ਦੌਰਾਨ ਕੱਲ੍ਹ ਏਥੇ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕੇਂਦਰ ਸਰਕਾਰ ਨੂੰ ਚਿੱਠੀ ਲਿਖ ਕੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨਾਲ ਸਬੰਧਤ ਸਾਰੇ ਮਹੱਤਵਪੂਰਨ ਦਸਤਾਵੇਜ਼ ਜਨਤਕ ਕਰਨ ਦੀ ਮੰਗ ਕੀਤੀ ਹੈ।

ਮਮਤਾ ਬੈਨਰਜੀ ਨੇ ਇਸ ਬਾਰੇ ਆਪਣੀ ਚਿੱਠੀ ਅਤੇ ਰਾਜ ਸਰਕਾਰ ਦੇ ਫ਼ੈਸਲੇ ਨਾਲ ਜੁੜੀਆਂ ਕਈ ਜਾਣਕਾਰੀਆਂ ਦਿੱਤੀਆਂ ਅਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਜੈਯੰਤੀ ਬਾਰੇ ਇੱਕ ਵੱਡਾ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਬੰਗਾਲ 'ਚ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਜੈਯੰਤੀ ਉਤੇ 'ਦੇਸ਼ ਨਾਇਕ ਦਿਵਸ' ਮਨਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਮੈਨੂੰ ਨਿੱਜੀ ਰੂਪ ਨਾਲ ਲੱਗਦਾ ਹੈ ਕਿ ਅਸੀਂ ਆਜ਼ਾਦੀ ਤੋਂ ਬਾਅਦ ਨੇਤਾ ਜੀ ਸੁਭਾਸ਼ ਚੰਦਰ ਬੋਸ ਲਈ ਕੁਝ ਮਹੱਤਵ ਪੂਰਨ ਕੰਮ ਨਹੀਂ ਕੀਤਾ, ਮੈਂ ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਜੈਯੰਤੀ (23 ਜਨਵਰੀ) ਨੂੰ ਰਾਸ਼ਟਰੀ ਛੁੱਟੀ ਐਲਾਨ ਕਰਨ ਲਈ ਕੇਂਦਰ ਨੂੰ ਚਿੱਠੀ ਲਿਖੀ ਹੈ ਅਤੇ ਇਹ ਮੇਰੀ ਮੰਗ ਹੈ। ਮਮਤਾ ਨੇ ਕਿਹਾ ਕਿ ਮੈਂ ਪ੍ਰਵਾਸੀ ਭਾਰਤੀਆਂ ਸਮੇਤ ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਅਪੀਲ ਕਰਦੀ ਹਾਂ ਕਿ ਨੇਤਾ ਜੀ ਦੀ ਜੈਯੰਤੀ 'ਤੇ ਯਾਨੀ 23 ਜਨਵਰੀ ਨੂੰ ਦੁਪਹਿਰ 12.15 ਵਜੇ ਸੰਖ ਵਜਾਏ ਜਾਣ।

# ਸੁਪਰੀਮ ਕੋਰਟ ਕਿਸਾਨਾਂ ਦੇ ਮਨੁੱਖੀ ਅਧਿਕਾਰਾਂ ਨਾਲ ਸੰਬੰਧਤ ਪਟੀਸ਼ਨ ਦੀ ਸੁਣਵਾਈ ਕਰੇਗੀ

ਨਵੀਂ ਦਿੱਲੀ, 5 ਜਨਵਰੀ (ਪੋਸਟ ਬਿਊਰੋ)- ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ 35 ਵਿਦਿਆਰਥੀਆਂ ਦੇ ਇੱਕ ਗਰੁੱਪ, ਜਿਨ੍ਹਾਂ 'ਚ ਰਿਸਰਚ ਸਕਾਲਰ, ਕਾਨੂੰਨ ਵਿਭਾਗ ਦੇ ਗੈਜੂਏਟ ਸ਼ਾਮਲ ਹਨ, ਵੱਲੋਂ ਚੀਫ਼ ਜਸਟਿਸ ਐਸ ਏ ਬੋਬੜੇ ਨੂੰ ਭੇਜੇ ਗਏ ਜਨ ਹਿੱਤ ਪਟੀਸ਼ਨ ਪੱਤਰ 'ਤੇ ਵਿਚਾਰ ਕਰਨ ਲਈਸੁਪਰੀਮ ਕੋਰਟ ਨੇ ਕੱਲ੍ਹ ਸਹਿਮਤੀ ਦੇ ਦਿੱਤੀ ਹੈ। ਇਸ ਚਿੱਠੀ ਵਿੱਚ ਵਿਦਿਆਰਥੀਆਂ ਨੇ 26 ਤੇ 27 ਨਵੰਬਰ ਨੂੰ ਹਰਿਆਣਾ-ਦਿੱਲੀ ਬਾਰਡਰ 'ਤੇ ਵਿਰੋਧ ਪ੍ਰਦਰਸ਼ਨ ਦੌਰਾਨ ਕਿਸਾਨਾਂ ਦੇ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੋਣ ਦਾ ਜ਼ਿਕਰ ਕੀਤਾ ਹੈ।

ਪਤਾ ਲੱਗਾ ਹੈ ਕਿ ਪੰਜਾਬ ਯੂਨੀਵਰਸਿਟੀ ਦੇ ਕਾਨੂੰਨ ਅਤੇ ਆਰਟਸ ਦੇ 35 ਵਿਦਿਆਰਥੀਆਂ ਨੇ ਭਾਰਤ ਦੇ ਚੀਫ਼ ਜਸਟਿਸ ਨੂੰ ਭੇਜੇ ਇਸ ਚਾਰ ਸਫ਼ਿਆਂ ਦੇ ਖੁਲ੍ਹੇ ਪੱਤਰ 'ਚ ਦੱਸਿਆ ਹੈ ਕਿ ਪੁਲਸ ਨੇ ਕਿਸਾਨਾਂ ਦੇ



ਦਿੱਲੀ ਵਿੱਚ ਦਾਖ਼ਲੇ ਨੂੰ ਰੋਕਣ ਲਈ ਪੁਲਸ ਨੇ ਸੜਕਾਂ ਬੰਦ ਕਰ ਦਿੱਤੀਆਂ ਸਨ। ਇਨ੍ਹਾਂ ਵਿਦਿਆਰਥੀਆਂ ਨੇ ਨਵੇਂ ਖੇਤੀ ਕਾਨੂੰਨਾਂ ਖ਼ਿਲਾਫ਼ ਸ਼ਾਂਤਮਈ ਢੰਗ ਨਾਲ ਵਿਰੋਧ ਪ੍ਰਦਰਸ਼ਨ ਕਰਨ ਵਾਲੇ ਕਿਸਾਨਾਂ 'ਤੇ ਹਰਿਆਣੇ ਤੇ ਦਿੱਲੀ ਪੁਲਸ ਵੱਲੋਂ ਪਾਣੀ ਦੀਆਂ ਤੋਪਾਂ ਦੀ ਵਰਤੋਂ ਕਰਨ, ਅੱਥਰੂ ਗੈਸ ਦੇ ਗੋਲਿਆਂ ਤੇ ਲਾਠੀਚਾਰਜ ਕਰਨ ਦੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਇਨ੍ਹਾਂ ਨੇ ਸੁਪਰੀਮ ਕੋਰਟ ਨੂੰ ਹਰਿਆਣਾ ਤੇ ਦਿੱਲੀ ਪੁਲਸ ਨੂੰ ਕਿਸਾਨਾਂ ਖ਼ਿਲਾਫ਼ 'ਰਾਜਨੀਤਕ ਬਦਲੇਖੋਰੀ' ਹੇਠ ਦਰਜ ਕੇਸ ਵਾਪਸ ਲੈਣ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਹੈ। ਦਸਖ਼ਤਕਰਤਾ ਇੱਕ ਵਿਦਿਆਰਥੀ ਗੁਰਮੋਹਨ ਪ੍ਰੀਤ ਸਿੰਘ ਨੇ ਦੱਸਿਆ ਕਿ ਅੰਨਦਾਤੇ ਦੇ ਇਸ ਸ਼ਾਂਤਮਈ ਪ੍ਰਦਰਸ਼ਨ ਨੂੰ ਕੁਝ ਮੀਡੀਆ ਤੇ ਸਰਕਾਰ ਵੱਲੋਂ ਵੱਖਵਾਦੀ ਕਹੇ ਜਾਣ ਦਾ ਵੀ ਜ਼ਿਕਰ ਕੀਤਾ ਗਿਆ ਹੈ। ਅਦਾਲਤ ਦੇ ਧਿਆਨ 'ਚ ਲਿਆਂਦਾ ਗਿਆ ਹੈ ਕਿ ਜਿਸਕਿਸਾਨ ਦਾ ਇੱਕ ਪੁੱਤਰ ਸਰੱਹਦ ਉਪਰ ਸ਼ਹੀਦ ਹੋ ਗਿਆ ਹੋਵੇ ਅਤੇ ਉਹ ਖ਼ੁਦ ਕਿਸਾਨ ਮੋਰਚੇ 'ਚ ਬੈਠਾ ਹੋਵੇ ਅਤੇ ਜਿਹੜੇ ਕਿਸਾਨ ਪਾਣੀ ਦੀਆਂ ਬੁਛਾੜਾਂ ਝੱਲ ਕੇ ਡਾਂਗਾਂ ਖਾ ਕੇ ਵੀ ਸੁਰੱਖਿਆ ਬਲਾਂ ਨੂੰ ਲੰਗਰ ਛਕਾ ਰਹੇ ਹੋਣ, ਕੀ ਉਨ੍ਹਾਂ ਨਾਲ ਇਹ ਵਿਹਾਰ ਜਾਇਜ਼ ਹੈ। ਪੱਤਰ 'ਚ ਇਸ ਸਮੇਂ ਦੌਰਾਨ ਦਰਜ ਸਾਰੇ ਕੇਸ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਪੱਤਰ ਦੇ ਨਾਲ ਮੋਰਚੇ 'ਚ ਸ਼ਾਮਲ ਬਜ਼ੁਰਗਾਂ, ਅਪਾਹਜਾਂ, ਬਜ਼ੁਰਗ ਔਰਤਾਂ ਅਤੇ ਜ਼ਖ਼ਮੀ ਕਿਸਾਨਾਂ ਦੀਆਂ ਤਸਵੀਰਾਂ ਵੀ ਭੇਜੀਆਂ ਗਈਆਂ ਹਨ।

## ਮਾਲੇਗਾਉਂ ਧਮਾਕਾ ਕੇਸ ਵਿਚ ਭਾਜਪਾ ਪਾਰਲੀਮੈਂਟ ਮੈਂਬਰ ਸਾਧਵੀ ਪ੍ਰੱਗਿਆ ਠਾਕੁਰ ਅਦਾਲਤ 'ਚ ਪੇਸ਼

*** ਸੁਣਵਾਈ ਦੌਰਾਨ ਸਾਧਵੀਦੋਸ਼ੀਆਂ ਦੇ ਕਟਹਿਰੇ 'ਚ ਬੈਠੀ**



ਮੁੰਬਈ, 5 ਜਨਵਰੀ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਦੀ ਪਾਰਲੀਮੈਂਟ ਮੈਂਬਰ ਪ੍ਰੱਗਿਆ ਸਿੰਘ ਠਾਕੁਰ, ਜੋ ਸਾਲ 2008 ਦੇ ਮਾਲੇਗਾਉਂ ਧਮਾਕਾ ਕੇਸ ਵਿੱਚ ਦੋਸ਼ੀ ਵਜੋਂ ਨਾਮਜ਼ਦ ਹੈ, ਕੱਲ੍ਹ ਇੱਥੇ ਕੌਮੀ ਜਾਂਚ ਏਜੰਸੀ ਦੀ ਵਿਸ਼ੇਸ਼ ਅਦਾਲਤ ਵਿੱਚ ਪੇਸ਼ ਹੋਈ। ਕੇਸ ਦੀ ਪੂਰੀ ਸੁਣਵਾਈ ਦੌਰਾਨ ਪ੍ਰੱਗਿਆ ਠਾਕੁਰ ਅਦਾਲਤ 'ਚ ਪਿੱਛੇ ਦੋਸ਼ੀਆਂ ਦੇ ਕਟਹਿਰੇ ਵਿੱਚ ਚਾਰ ਹੋਰ ਸਾਥੀ ਦੋਸ਼ੀਆਂ ਨਾਲ ਬੈਠੀ ਰਹੀ। ਇਸਕੇਸ ਦੀ ਜਾਂਚ ਕੌਮੀ ਜਾਂਚ ਏਜੰਸੀ ਵੱਲੋਂ ਕੀਤੀ ਗਈ ਹੈ।

ਬੀਤੀ 19 ਦਸੰਬਰ 2020 ਨੂੰ ਵਿਸ਼ੇਸ਼ ਸਪੈਸ਼ਲ ਜੱਜ ਪੀ ਆਰ ਸਿਤਰੇ ਨੇ ਸਾਧਵੀ ਪ੍ਰੱਗਿਆ ਠਾਕੁਰ ਨੂੰ ਅਦਾਲਤ 'ਚ ਪੇਸ਼ ਹੋਣ ਦਾ ਆਖਰੀ ਮੌਕਾ ਦਿੱਤਾ ਸੀ। ਉਨ੍ਹਾਂ ਨੇ ਪਿਛਲੇ ਮਹੀਨੇ ਦੋ ਵਾਰ ਪ੍ਰੱਗਿਆ ਦੇ ਅਦਾਲਤ ਵਿੱਚ ਪੇਸ਼ ਨਾ ਹੋਣ ਉੱਤੇ ਨਾਰਾਜ਼ਗੀ ਜ਼ਾਹਿਰ ਕੀਤੀ ਸੀ। ਇਸ ਤੋਂ ਪਹਿਲਾਂ ਸਾਲ 2019 ਵਿੱਚ ਅਦਾਲਤ ਨੇ ਕਿਹਾ ਸੀ ਕਿ ਇਸ ਕੇਸ ਵਿੱਚ ਨਾਮਜ਼ਦ ਸੱਤ ਦੋਸ਼ੀਆਂ, ਜੋ ਸਾਰੇ ਜ਼ਮਾਨਤ 'ਤੇ ਬਾਹਰ ਹਨ, ਨੂੰ ਘੱਟੋ ਘੱਟ ਹਫਤੇ ਵਿੱਚ ਇੱਕ ਵਾਰ ਅਦਾਲਤ ਵਿੱਚ ਪੇਸ਼ ਹੋਣਾ ਜ਼ਰੂਰੀ ਹੈ।ਕੱਲ੍ਹ ਸਾਧਵੀ ਪ੍ਰੱਗਿਆ ਠਾਕੁਰ ਅਤੇ ਚਾਰ ਹੋਰ ਦੋਸ਼ੀ ਲੈਫਟੀਨੈਂਟ ਕਰਨਲ ਸ੍ਰੀਕਾਂਤ ਪ੍ਰਸਾਦ ਪੁਰੋਹਿਤ, ਸਮੀਰ ਕੁਲਕਰਨੀ, ਰਮੇਸ਼ ਉਪਾਧਿਆਏਅਤੇ ਸੁਧਾਕਰ ਚਤੁਰਵੇਦੀ ਅਦਾਲਤ 'ਚ ਪੇਸ਼ ਹੋਏ। ਦੋ ਦੋਸ਼ੀ ਅਜੈ ਰਾਹੀਰਕਰ ਤੇ ਸੁਧਾਕਰ ਦਿਵੇਦੀ ਗੈਰ ਹਾਜ਼ਰ ਸਨ। ਅਦਾਲਤ ਵਿੱਚ ਇੱਕ ਗਵਾਹ ਵੀ ਹਾਜ਼ਰ ਸੀ, ਪਰ ਉਸ ਤੋਂ ਸਵਾਲ-ਜਵਾਬ ਨਹੀਂ ਹੋ ਸਕੇ, ਕਿਉਂਕਿ ਦੋਸ਼ੀ ਦਿਵੇਦੀ ਦਾ ਵਕੀਲ ਮੌਜੂਦ ਨਹੀਂ ਸੀ।

## ਬੇਨਾਮੀ ਜਾਇਦਾਦ ਦੇ ਕੇਸ ਵਿੱਚ ਰਾਬਰਟ ਵਾਡਰਾ ਤੋਂ ਪੰਜ ਘੰਟੇ ਪੁੱਛਗਿੱਛ



ਨਵੀਂ ਦਿੱਲੀ, 5 ਜਨਵਰੀ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੀ ਅੰਤ੍ਰਿਮ ਚੇਅਰਪਰਸਨ ਸੋਨੀਆ ਗਾਂਧੀ ਦੇ ਜਵਾਈ ਰਾਬਰਟ ਵਾਡਰਾ ਤੋਂ ਪੁੱਛਗਿੱਛ ਲਈ ਇਨਕਮ ਟੈਕਸ ਵਿਭਾਗ ਦੀ ਟੀਮ ਕੱਲ੍ਹ ਉਨ੍ਹਾਂ ਦੇ ਘਰ ਪਹੁੰਚੀ ਅਤੇ ਕਰੀਬ ਪੰਜ ਘੰਟੇ ਪੁੱਛਗਿੱਛ ਕੀਤੀ। ਆਈ ਟੀ ਦੀ ਟੀਮ ਨੇ ਬੇਨਾਮੀ ਜਾਇਦਾਦ ਕੇਸ ਵਿੱਚ ਵਾਡਰਾ ਦੇ ਬਿਆਨ ਲਏ। ਵਾਡਰਾ ਇਸ ਵਕਤ ਅਗਾਊਂ ਜ਼ਮਾਨਤ 'ਤੇ ਹਨ। ਪਹਿਲਾਂ ਉਹ ਕੋਰੋਨਾ ਦੇ ਕਾਰਨ ਜਾਂਚ ਵਿੱਚ ਸ਼ਾਮਲ ਨਹੀਂ ਹੋ ਸਕੇ ਸਨ।

ਪੁੱਛਗਿੱਛ ਦੇ ਬਾਅਦ ਰਾਬਰਟ ਵਾਡਰਾ ਨੇ ਕਿਹਾ ਕਿ ਅਸੀਂ ਹਰ ਸਵਾਲ ਦਾ ਜਵਾਬ ਦਿੱਤਾ ਹੈ। ਬੇਨਾਮੀ ਜਾਇਦਾਦ ਨਾਲ ਜੁੜਿਆ ਕੋਈ ਮਾਮਲਾ ਨਹੀਂ ਅਤੇ ਇਨਸਾਫ ਤੇ ਸੱਚ ਦੀ ਜਿੱਤ ਹੋਵੇਗੀ। ਮੇਰੇ ਕੋਲ ਲੁਕਾਉਣ ਤੇ ਚਿੰਤਾ ਕਰਨ ਲਈ ਕੁਝ ਵੀ ਨਹੀਂ। ਉਂਜ ਇਹ ਸਾਫ ਨਹੀਂ ਕਿ ਕਿਸ ਕੇਸ ਵਿੱਚ ਵਾਡਰਾ ਤੋਂ ਪੁੱਛਗਿੱਛ ਕੀਤੀ ਗਈ। ਦੋਸ਼ ਹੈ ਕਿ ਵਾਡਰਾ ਦੀ ਫਰਮ ਸਕਾਈ ਲਾਈਟ ਹੋਸਪੀਟੈਲਿਟੀ ਨੇ ਰਾਜਸਥਾਨ ਦੇ ਬੀਕਾਨੇਰ ਵਿੱਚ ਜ਼ਮੀਨ ਖਰੀਦੀ ਸੀ, ਜਿਹੜੀ ਅਸਲ ਵਿੱਚ ਉਸ ਪਿੰਡ ਦੇ ਗਰੀਬ ਲੋਕਾਂ ਦੇ ਮੁੜ ਵਸੇਬੇ ਦੇ ਲਈ ਸੀ। ਇਸ ਬਾਰੇ ਉਨ੍ਹਾਂ 'ਤੇ 2015 ਵਿੱਚ ਮਨੀ ਲਾਂਡਰਿੰਗ ਦਾ ਕੇਸ ਦਰਜ ਕੀਤਾ ਗਿਆ ਸੀ। ਇਸ ਦੇ ਇਲਾਵਾ 2018 ਵਿੱਚ ਵਾਡਰਾ ਤੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਸੀ। ਦੋਸ਼ ਹੈ ਕਿ ਸਕਾਈਲਾਈਟ ਹੋਸਪੀਟੈਲਿਟੀ ਨੇ ਗੁੜਗਾਓਂ ਦੇ ਸ਼ਿਕੋਹਪੁਰ ਪਿੰਡ ਵਿੱਚ 3.5 ਏਕੜ ਜ਼ਮੀਨ ਡੀ ਐਲ ਐਫ ਨੂੰ ਕਾਫੀ ਵੱਡੀ ਕੀਮਤ 'ਤੇ ਵੇਚੀ ਸੀ।

# ਜਦੋਂ ਪੁਲਸ ਇੰਸਪੈਕਟਰ ਪਿਤਾ ਨੇ ਆਪਣੀ ਡੀ ਐਸ ਪੀ ਧੀ ਨੂੰ ਸਲੂਟ ਮਾਰਿਆ

ਤਿਰੂਪਤੀ (ਆਂਧਰਾ ਪ੍ਰਦੇਸ਼), 5 ਜਨਵਰੀ (ਪੋਸਟ ਬਿਊਰੋ)- ਆਂਧਰਾ ਪ੍ਰਦੇਸ਼ ਪੁਲਸ ਦੇ ਇੱਕ ਇੰਸਪੈਕਟਰ ਲਈ ਉਹ ਮਾਣ ਵਾਲੇ ਪਲ ਸਨ, ਜਦੋਂ ਉਹ ਆਪਣੀ ਡੀ ਐਸ ਪੀ ਧੀ ਨੂੰ ਸਲੂਟ ਮਾਰ ਸਕਿਆ।

ਪਤਾ ਲੱਗਾ ਹੈ ਕਿ ਤਿਰੂਪਤੀ ਵਿੱਚ ਇੱਕ ਪੁਲਸ ਮੀਟਿੰਗ ਦੌਰਾਨ ਸਰਕਲ ਇੰਸਪੈਕਟਰ ਸ਼ਿਆਮ ਸੁੰਦਰ ਨੇ ਜਦੋਂ ਆਪਣੀ ਡੀ ਐਸ ਪੀ ਧੀ ਜੇਸੀ ਪ੍ਰਸੰਤੀ ਨੂੰ ਦੇਖਿਆ ਅਤੇ ਦੇਖਦੇ ਸਾਰ ਅਫਸਰ ਧੀ ਨੂੰ ਸਲੂਟ ਮਾਰਿਆ। ਸ਼ਿਆਮ ਸੁੰਦਰ ਇਸ ਵਕਤ ਤਿਰੂਪਤੀ ਕਲਿਆਣੀ ਡੈਮ ਪੁਲਸ ਸਿਖਲਾਈ ਕੇਂਦਰ ਵਿੱਚ ਤੈਨਾਤ ਹੈ। ਇਸ ਦੌਰਾਨ ਦੋਵਾਂ ਵਿਚਾਲੇ ਜੋ ਕੁਝ ਵਾਪਰਿਆ, ਉਸ ਨੂੰ ਮੌਕੇ 'ਤੇ ਮੌਜੂਦ ਬਹੁਤ ਸਾਰੇ ਅਫਸਰਾਂ ਨੇ ਦੇਖਿਆ ਤੇ ਇਹ ਇੱਕ ਨਿੱਘਾ ਅਹਿਸਾਸ ਹੋ ਨਿਬੜਿਆ। ਪੁਲਸ ਕਾਨਫਰੰਸ ਦੌਰਾਨ ਆਪਣੀ ਧੀ ਨੂੰ ਦੇਖ ਕੇ ਸ਼ਿਆਮ ਸੁੰਦਰ ਉਸ ਦੇ ਕੋਲ ਗਿਆ ਅਤੇ ਸਲੂਟ ਮਾਰਿਆ, ਕਿਉਂਕਿ ਧੀ ਪ੍ਰਸੰਤੀ ਉਸ ਨਾਲੋਂ ਇੱਕ ਉਚੇ ਰੈਂਕ ਦੀ ਅਫਸਰ



ਹੈ ਅਤੇ ਕੁਝ ਸਾਲਾਂ ਵਿੱਚ ਉਹ ਆਈ ਪੀ ਐਸ ਵੀ ਬਣਨ ਵਾਲੀ ਹੈ। ਸਾਲ 2018 ਬੈਚ ਦੀ ਜੇਸੀ ਪ੍ਰਸੰਤੀ ਨੇ ਗੁੰਟੂਰ ਦੇ ਡੀ ਐਸ ਪੀ ਵਜੋਂ ਅਹੁਦਾ ਸੰਭਾਲਿਆ ਹੈ ਤੇ ਉਹ ਔਰਤਾਂ ਦੀ ਸੁਰੱਖਿਆ ਲਈ ਕੀਤੇ ਯਤਨਾਂ ਲਈ 'ਦਿਸ਼ਾ' ਸਕੀਮ ਹੇਠ ਕਰਾਈ ਜਾ ਰਹੀ ਪੁਲਸ ਕਾਨਫਰੰਸ ਵਿੱਚ ਹਿੱਸਾ ਲੈ ਰਹੀ ਸੀ। ਇਸ ਦੌਰਾਨ ਸ਼ਿਆਮ ਸੁੰਦਰ ਨੇ ਜਦੋਂ ਆਪਣੀ ਧੀ ਨੂੰ ਸੀਨੀਅਰ ਆਈ ਪੀ ਐਸ ਅਧਿਕਾਰੀ ਨਾਲ ਮਿਲਦਿਆਂ ਦੇਖਿਆ ਤਾਂ ਇਕਦਮ ਕੋਲ ਜਾ ਕੇ ਉਸ ਨੂੰ ਸਲੂਟ ਮਾਰਿਆ ਅਤੇ 'ਮੈਡਮ' ਕਹਿ ਕੇ ਸੰਬੋਧਨ ਕੀਤਾ। ਪਿਤਾ ਵੱਲੋਂ ਸਲੂਟ ਮਾਰੇ ਜਾਣ ਤੋਂ ਬਾਅਦ ਪ੍ਰਸੰਤੀ ਨੇ ਵੀ ਪੁਲਸ ਇੰਸਪੈਕਟਰ ਨੂੰ ਸਲੂਟ ਮਾਰਿਆ ਤੇ ਹੱਸਦਿਆਂ ਤੇਲਗੂ ਵਿੱਚ ਸਵਾਲ ਕੀਤਾ 'ਇਹ ਕੀ ਹੈ ਪਿਤਾ ਜੀ?' ਸ਼ਿਆਮ ਸੁੰਦਰ ਨੇ ਕਿਹਾ ਕਿ 'ਬੱਚਿਆਂ ਨੂੰ ਜ਼ਿੰਦਗੀ ਵਿੱਚ ਸਫਲ ਦੇਖਣ ਤੋਂ ਵੱਡੀ ਕੋਈ ਹੋਰ ਖੁਸ਼ੀ ਨਹੀਂ ਹੋ ਸਕਦੀ।'ਉਨ੍ਹਾ ਕਿਹਾ, 'ਮੈਨੂੰ ਪੂਰਾ ਯਕੀਨ ਹੈ ਕਿ ਮੇਰੀ ਬੱਚੀ ਲੋਕਾਂ ਦੀ ਇਮਾਨਦਾਰੀ ਨਾਲ ਸੇਵਾ ਕਰੇਗੀ।' ਤਿਰੂਪਤੀ ਦੇ ਐਸ ਪੀ ਰਮੇਸ਼ ਰੈਡੀ ਨੇ ਕਿਹਾ ਕਿ ਇਸ ਤਰ੍ਹਾਂ ਦੇ ਦ੍ਰਿਸ਼ ਆਮ ਤੌਰ 'ਤੇ ਫਿਲਮਾਂ ਵਿੱਚ ਨਜ਼ਰ ਆਉਂਦੇ ਹਨ।

## ਆਮਦਨ ਟੈਕਸ ਵਿਭਾਗ ਵੱਲੋਂ ਜਾਂਚ ਹੋਣ ਦਾ ਦਿਲਜੀਤ ਵੱਲੋਂ ਖੰਡਨ

ਮੁੰਬਈ, 5 ਜਨਵਰੀ (ਪੋਸਟ ਬਿਊਰੋ)- ਗਾਇਕ-ਅਦਾਕਾਰ ਦਿਲਜੀਤ ਦੁਸਾਂਝ ਨੇ ਆਪਣੇ ਖਿਲਾਫ ਆਮਦਨ ਟੈਕਸ ਜਾਂਚ ਆਰੰਭਣ ਦੀਆਂ ਰਿਪੋਰਟਾਂ ਦਾ ਖੰਡਨ ਕਰ ਕੇ ਕਿਹਾ ਕਿ ਐਨੀ ਨਫਰਤ ਨਾ ਫੈਲਾਈ ਜਾਵੇ। ਦਿਲਜੀਤ ਨੇ ਵਿੱਤ ਮੰਤਰਾਲੇ ਵੱਲੋਂ ਜਾਰੀ ਕੀਤਾ ਟੈਕਸ ਸਰਟੀਫਿਕੇਟ ਵੀ ਦਿਖਾਇਆ, ਜਿਸ ਵਿੱਚ ਉਸ ਦੀ ਪ੍ਰਸ਼ੰਸਾ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਦਿਲਜੀਤ ਦੁਸਾਂਝ ਇਸ ਵਕਤ ਖੇਤੀ ਕਾਨੂੰਨਾਂ ਖਿਲਾਫ ਜਾਰੀ ਕਿਸਾਨ ਸੰਘਰਸ਼ ਦਾ ਲਗਾਤਾਰ ਸਮੱਰਥਨ ਕਰ ਰਹੇ ਹਨ। ਕੁਝ ਰਿਪੋਰਟਾਂ ਵਿੱਚ ਕਿਹਾ ਗਿਆ ਸੀ ਕਿ ਗਾਇਕ-ਅਦਾਕਾਰ ਵੱਲੋਂ ਸੰਘਰਸ਼ ਕਰਦੇ ਕਿਸਾਨਾਂ ਨੂੰ ਇੱਕ ਕਰੋੜ ਰੁਪਏ ਮਦਦ ਦੇਣ ਤੋਂ ਬਾਅਦ ਉਨ੍ਹਾਂ ਦੇ ਖਿਲਾਫ ਜਾਂਚ ਆਰੰਭੀ ਗਈ ਹੈ। ਦੁਸਾਂਝ ਨੇ ਕਿਹਾ ਕਿ ਰਿਪੋਰਟ ਵਿੱਚ ਉਸ ਦੀ ਫਾਊਂਡੇਸ਼ਨ ਦਾ ਕਿਸੇ ਸਿਆਸੀ ਆਗੂ ਨਾਲ ਲੈਣ-ਦੇਣ ਦੱਸਿਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ



ਕੁਝ ਲੋਕ ਅਸਲ ਮੁੱਦਿਆਂ ਤੋਂ ਧਿਆਨ ਭਟਕਾ ਰਹੇ ਹਨ ਤੇ ਉਹ ਅਜਿਹਾ ਕਰਦੇ ਰਹਿਣਗੇ। ਦਿਲਜੀਤ ਨੇ ਪੰਜਾਬੀ ਵਿੱਚ ਲਿਖਿਆ ਕਿ ਉਸ ਨੇ ਹਮੇਸ਼ਾ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ, ਕੁਝ ਵੀ ਭੜਕਾਊ ਨਹੀਂ ਕਿਹਾ। ਦਿਲਜੀਤ ਨੇ ਇਸ ਤੋਂ ਪਹਿਲਾਂ ਟਵੀਟ ਕਰ ਕੇ ਸਾਲ 2019-20 ਲਈ ਆਪਣੀ ਟੈਕਸ ਰਿਟਰਨ ਭਰਨ ਤੋਂ ਬਾਅਦ ਵਿੱਤ ਮੰਤਰਾਲੇ ਤੋਂ ਮਿਲਿਆ 'ਪਲੈਟੀਨਮ ਸਰਟੀਫਿਕੇਟ' ਪੋਸਟ ਕੀਤਾ ਸੀ, ਜਿਸ ਵਿੱਚ ਕਿਹਾ ਗਿਆ ਹੈ ਕਿ 36 ਸਾਲਾ ਅਦਾਕਾਰ ਟੈਕਸ ਭਰ ਕੇ ਦੇਸ਼ ਦੇ ਨਿਰਮਾਣ ਵਿੱਚ ਅਹਿਮ ਯੋਗਦਾਨ ਦੇ ਰਿਹਾ ਹੈ।

# ਟਰੰਪ ਨੇ ਚੋਣ ਅਧਿਕਾਰੀ ਨੂੰ ਫੋਨ ਕਰ ਕੇ ਨਤੀਜਾ ਬਦਲਣ ਨੂੰ ਕਿਹਾ

ਵਾਸ਼ਿੰਗਟਨ, 5 ਜਨਵਰੀ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਾਰਜੀਆ ਦੇ ਚੋਣ ਅਧਿਕਾਰੀ ਨੂੰ ਬੀਤੇ ਸ਼ਨੀਵਾਰ ਕੀਤੀ ਇੱਕ ਘੰਟੇ ਦੀ ਫੋਨ ਕਾਲ 'ਚ ਰਾਸ਼ਟਰਪਤੀ ਬਣਨ ਜਾ ਰਹੇ ਜੋਅ ਬਾਇਡੇਨ ਦੀ ਜਿੱਤ ਨੂੰ ਪਲਟ ਦੇਣ ਲਈ ਕਿਹਾ ਹੈ। ਟਰੰਪ ਨੇ ਬੇਨਤੀ ਕੀਤੀ ਕਿ ਉਸ ਦੀ ਹਾਰ ਨੂੰ ਬਦਲਣ ਲਈ ਚੋਣ ਅਧਿਕਾਰੀ ਲੋੜੀਂਦੀਆਂ ਵੋਟਾਂ ਲੱਭੇ। ਤਿੰਨ ਨਵੰਬਰ ਨੂੰ ਰਾਸ਼ਟਰਪਤੀ ਅਹੁਦੇ ਦੀ ਚੋਣ ਵਿੱਚ ਜਾਰਜੀਆ ਦੀ ਅਹਿਮ ਭੂਮਿਕਾ ਸੀ। ਗੁਪਤ ਢੰਗ ਨਾਲ ਰਿਕਾਰਡ ਕੀਤਾ ਗਿਆ ਗੱਲਬਾਤ ਦਾ ਆਡੀਓ 'ਦਿ ਵਾਸ਼ਿੰਗਟਨ ਪੋਸਟ' ਨੇ ਰਿਪੋਰਟ ਕੀਤਾ ਹੈ। ਅਖਬਾਰ ਦੀ ਰਿਪੋਰਟ ਮੁਤਾਬਕ ਟਰੰਪ ਨੇ ਸਾਥੀ ਰਿਪ-ਬਲਿਕਨ ਆਗੂ ਬਰੈਡ ਰੈਫ਼ਨਸਪਰਗਰ, ਜਿਹੜੇ ਜਾਰਜੀਆ ਦੇ ਚੋਣ ਅਧਿਕਾਰੀ ਵੀ ਹਨ, ਨਾਲ




ਇਹ ਗੱਲਬਾਤ ਕੀਤੀ ਹੈ। ਕਾਨੂੰਨੀ ਮਾਹਰ ਇਸ ਨੂੰ ਤਾਕਤ ਦੀ ਦੁਰਵਰਤੋਂ ਅਤੇ ਅਪਰਾਧਕ ਕਾਰਵਾਈ ਦੱਸਦੇ ਹਨ। ਟਰੰਪ ਨੇ ਬਰੈਡ ਨੂੰ ਕਿਹਾ 'ਜੌਰਜੀਆ ਦੇ ਲੋਕ ਨਾਰਾਜ਼ ਹਨ, ਮੈਂ ਸਿਰਫ ਇਹ ਚਾਹੁੰਦਾ ਹਾਂ ਕਿ 11,780 ਵੋਟਾਂ ਲੱਭੀਆਂ ਜਾਣ, ਸ਼ਾਇਦ ਇਸ ਤੋਂ ਵੱਧ ਹਨ, ਕਿਉਂਕਿ ਅਸੀਂ ਸੂਬਾ ਜਿੱਤਿਆ ਹੈ।' ਟਰੰਪ ਜਾਰਜੀਆ ਤੋਂ ਚੋਣ 11,779 ਵੋਟਾਂ ਨਾਲ ਹਾਰ ਗਏ ਹਨ। ਇਸੇ ਦੌਰਾਨ ਪੈਂਟਾਗਨ ਦੇ ਦਸ ਸਾਬਕਾ ਮੁਖੀਆਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਚੋਣ ਧੋਖਾਧੜੀ ਦੇ ਦਾਅਵਿਆਂ ਨਾਲ ਕਿਸੇ ਵੀ ਤਰ੍ਹਾਂ ਫੌਜ ਨੂੰ ਨਾ ਤੋੜਨ ਕਿਉਂਕਿ ਇਸ ਦੇ ਨਤੀਜੇ ਖਤਰਨਾਕ ਹੋਣਗੇ ਤੇ ਇਹ ਗੈਰ ਕਾਨੂੰਨੀ ਅਤੇ ਗੈਰ ਸੰਵਿਧਾਨਕ ਹੋਵੇਗਾ। ਉਨ੍ਹਾਂ ਕਿਹਾ ਕਿ ਨਤੀਜਿਆਂ 'ਤੇ ਸਵਾਲ ਉਠਾਉਣ ਦਾ ਸਮਾਂ ਹੁਣ ਲੰਘ ਚੁੱਕਿਆ ਹੈ।

## ਅਲੀ ਬਾਬਾ ਕੰਪਨੀ ਦਾ ਮਾਲਕ ਜੈਕ ਮਾ ਦੋ ਮਹੀਨੇ ਤੋਂ ਲਾਪਤਾ

ਪੇਈਚਿੰਗ , 5 ਜਨਵਰੀ (ਪੋਸਟ ਬਿਊਰੋ)- ਚੀਨ ਦੇ ਸਭ ਤੋਂ ਅਮੀਰ ਲੋਕਾਂ 'ਚ ਸ਼ਾਮਲ ਜੈਕ ਮਾ ਬਾਰੇ ਸ਼ੱਕ ਪ੍ਰਗਟਾਇਆ ਜਾ ਰਿਹਾ ਹੈ ਕਿ ਉਹ ਲਾਪਤਾ ਹੋ ਗਏ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਚੀਨ ਦੀਆਂ ਸਰਕਾਰੀ ਏਜੰਸੀਆਂ ਦੇ ਕੰਮ-ਕਾਜ ਦੇ ਤਰੀਕੇ 'ਤੇ ਸਵਾਲ ਚੁੱਕੇ ਅਤੇ ਚਰਚਾ ਵਿੱਚ ਆ ਗਏ ਸਨ

ਫਾਈਨਾਂਸ਼ੀਅਲ ਟਾਈਮਸ ਦੀ ਰਿਪੋਰਟ ਮੁਤਾਬਕ ਜੈਕ ਮਾ ਲੱਗਭਗ ਦੋ ਮਹੀਨੇ ਤੋਂ ਕਿਸੇ ਜਨਤਕ ਪ੍ਰੋਗਰਾਮ 'ਚ ਨਹੀਂ ਵੇਖੇ ਗਏ। ਆਪਣੇ ਖੁਦ ਦੇ ਬਣਾਏ ਉਨ੍ਹਾਂ ਦੇ ਟੀ ਵੀ ਸ਼ੋਅ 'ਅਫਰੀਕਾ ਦੇ ਬਿਜਨੈਸ ਹੀਰੋ' ਵਿੱਚ ਵੀ ਜੈਕ ਮਾ ਦੀ ਜਗ੍ਹਾ 'ਤੇ ਕਿਸੇ ਹੋਰ ਨੂੰ ਭੇਜ ਦਿੱਤਾ ਗਿਆ ਹੈ। ਅਲੀ ਬਾਬਾ ਕੰਪਨੀ ਦੇ ਇੱਕ ਬੁਲਾਰੇ ਨੇ ਕਿਹਾ ਕਿ ਸ਼ੈਡਿਊਲ ਕੰਫਲਿਕਟ ਦੀ ਵਜ੍ਹਾ ਨਾਲ ਜੈਕ ਮਾ ਟੀ ਵੀ ਸ਼ੋਅ ਵਿੱਚ ਸ਼ਾਮਲ ਨਹੀਂ ਹੋਏ। ਰਿਪੋਰਟ ਮੁਤਾਬਕ ਜੈਕ ਮਾ ਦੇ ਗਾਇਬ ਹੋਣ ਤੋਂ ਸੰਕੇਤ ਮਿਲਦਾ ਹੈ ਕਿ ਉਹ ਮੁਸ਼ਕਿਲਾਂ ਦਾ



ਸਾਹਮਣਾ ਕਰ ਰਹੇ ਹਨ। ਚੀਨ 'ਚ ਅਮੀਰ ਲੋਕਾਂ ਦੇ ਗਾਇਬ ਹੋਣ ਦੀਆਂ ਘਟਨਾਵਾਂ ਨਵੀਆਂ ਨਹੀਂ ਹਨ। ਫੋਰਬਸ ਦੀ ਰਿਪੋਰਟ ਮੁਤਾਬਕ 2016 ਤੋਂ 2017 ਵਿਚਾਲੇ ਚੀਨ ਦੇ ਕਈ ਅਰਬਪਤੀ ਗਾਇਬ ਹੋਏ ਸਨ ਤੇ ਸਾਲ 2016 ਤੋਂ 2017 ਦੇ ਦੌਰਾਨ ਗਾਇਬ ਹੋਏ ਕਈ ਲੋਕ ਕਦੇ ਦੁਬਾਰਾ ਸਾਹਮਣੇ ਨਹੀਂ ਆਏ। ਨਵੰਬਰ ਵਿੱਚ ਜੈਕ ਮਾ ਨੇ ਚੀਨ ਦੇ ਰੈਗੁਲੇਟਰਸ ਅਤੇ ਸਰਕਾਰੀ ਬੈਂਕਾਂ ਦੀ ਆਲੋਚਨਾ ਕੀਤੀ ਸੀ। ਇਸ ਤੋਂ ਬਾਅਦ ਚੀਨੀ ਅਧਿਕਾਰੀਆਂ ਨੇ ਜੈਕ ਮਾ 'ਤੇ ਪਲਟਵਾਰ ਕੀਤਾ ਅਤੇ ਉਨ੍ਹਾਂ ਦੀ ਕੰਪਨੀ ਏਂਟ ਗਰੁੱਪ ਦੇ ਆਈ ਪੀ ਓ ਨੂੰ ਰੱਦ ਕਰ ਦਿੱਤਾ ਸੀ।

# ਅਮਰੀਕੀ ਪਾਰਲੀਮੈਂਟ ਵੱਲੋਂ ਪਾਕਿ ਔਰਤਾਂ ਲਈ 'ਮਲਾਲਾ ਯੁਸੂਫ਼ਜ਼ਈ ਸਕਾਲਰਸ਼ਿਪ ਬਿੱਲ' ਪਾਸ

ਵਾਸ਼ਿੰਗਟਨ, 5 ਜਨਵਰੀ (ਪੋਸਟ ਬਿਊਰੋ)- ਅਮਰੀਕੀ ਪਾਰਲੀਮੈਂਟ ਨੇ 'ਮਲਾਲਾ ਯੁਸੂਫ਼ਜ਼ਈ ਸਕਾਲਰਸ਼ਿਪ ਬਿੱਲ' ਪਾਸ ਕੀਤਾ ਹੈ। ਇਸ ਦੇ ਤਹਿਤ ਇੱਕ ਯੋਗਤਾ ਤੇ ਲੋੜ ਆਧਾਰਤ ਪ੍ਰੋਗਰਾਮ ਤਹਿਤ ਪਾਕਿਸਤਾਨੀ ਔਰਤਾਂ ਨੂੰ ਉਚ ਸਿੱਖਿਆ ਦੇਣ ਲਈ ਦਿੱਤੇ ਜਾ ਰਹੇ ਵਜ਼ੀਫ਼ਿਆਂ ਦੀ ਗਿਣਤੀ ਵਧੇਗੀ। ਇਸ ਬਿੱਲ ਨੂੰ ਮਾਰਚ 2020 ਵਿੱਚ ਪ੍ਰਤੀਨਿਧੀ ਸਭਾ ਨੇ ਪਾਸ ਕੀਤਾ ਸੀ, ਜਿਸ ਨੂੰ ਅਮਰੀਕੀ ਸੈਨੇਟ ਨੇ 1 ਜਨਵਰੀ ਨੂੰ ਪਾਸ ਕੀਤਾ।

ਇਹ ਬਿਲ ਅੱਗੋਂ ਵ੍ਹਾਈਟ ਹਾਊਸ ਨੂੰ ਭੇਜਿਆ ਗਿਆ ਹੈ, ਜਿਥੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਸਤਖ਼ਤ ਤੋਂ ਬਾਅਦ ਇਹ ਕਾਨੂੰਨ ਬਣ ਜਾਵੇਗਾ। ਇਸ ਬਿੱਲ ਹੇਠ 'ਯੂ ਐਸ ਏਜੰਸੀ ਫ਼ਾਰ ਇੰਟਰਨੈਸ਼ਨਲ ਡਿਵੈਲਪਮੈਂਟ' ਪਾਕਿਸਤਾਨੀ ਔਰਤਾਂ ਨੂੰ 2020 ਤੋਂ 2022 ਤੱਕ



ਪਾਕਿਸਤਾਨ ਸਬੰਧੀ ਉਚ ਸਿੱਖਿਆ ਵਜ਼ੀਫ਼ਾ ਪ੍ਰੋਗਰਾਮ ਤਹਿਤ ਘੱਟੋ-ਘੱਟ 50 ਫ਼ੀਸਦੀ ਵਜ਼ੀਫ਼ੇ ਦੇਵੇਗੀ। ਬਿੱਲ ਵਿੱਚ ਕਿਹਾ ਗਿਆ ਹੈ ਕਿ ਯੂ ਐਸ ਏ ਆਈ ਡੀ ਪਾਕਿਸਤਾਨ ਵਿੱਚ ਸਿੱਖਿਆ ਪ੍ਰੋਗਰਾਮ ਦੀ ਪਹੁੰਚ ਵਧਾਉਣ ਅਤੇ ਇਨ੍ਹਾਂ ਦੇ ਸੁਧਾਰ ਲਈ ਅਮਰੀਕਾ ਵਿੱਚ ਪਾਕਿਸਤਾਨੀ ਭਾਈਚਾਰੇ ਤੇ ਪਾਕਿਸਤਾਨੀ ਨਿੱਜੀ ਖੇਤਰ 'ਤੇ ਵਿਚਾਰ ਵਟਾਂਦਰਾ ਕਰੇਗਾ ਅਤੇ ਉਨ੍ਹਾਂ ਤੋਂ ਨਿਵੇਸ਼ ਪ੍ਰਾਪਤ ਕਰੇਗਾ। ਇਸ ਵਿੱਚ ਕਿਹਾ ਗਿਆ ਹੈ ਕਿ ਯੂ ਐਸ ਏ ਆਈ ਡੀ ਪਾਰਲੀਮੈਂਟ ਨੂੰ ਸਾਲਾਨਾ ਆਧਾਰ 'ਤੇ ਜਾਣਕਾਰੀ ਦੇਵੇਗਾ ਕਿ ਪ੍ਰੋਗਰਾਮ ਤਹਿਤ ਕਿੰਨੇ ਵਜ਼ੀਫ਼ੇ ਵੰਡੇ ਗਏ।

ਮਲਾਲਾ ਨੂੰ ਭਾਰਤੀ ਬਾਲ ਅਧਿਕਾਰ ਕਾਰਕੁੰਨ ਕੈਲਾਸ਼ ਸਤਿਆਰਥੀ ਦੇ ਨਾਲ 10 ਅਕਤੂਬਰ, 2014 ਵਿੱਚ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਸੀ।

## ਜਰਨੈਲ ਹਰੀ ਸਿੰਘ ਨਲੂਆ ਦੀ ਦੂਜੀ ਸਮਾਧ ਬਾਰੇ ਭੁਲੇਖੇ ਬਰਕਰਾਰ

ਲਾਹੌਰ, 5 ਜਨਵਰੀ (ਪੋਸਟ ਬਿਊਰੋ)- ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਹਰੀ ਸਿੰਘ ਨਲੂਆ ਦੀ ਪਾਕਿਸਤਾਨ ਦੇ ਸ਼ਹਿਰ ਗੁੱਜਰਾਂਵਾਲਾ ਦੀ ਆਬਾਦੀ ਸਿਵਲ ਲਾਈਨ ਦੇ ਮੁਨੀਰ ਚੌਕ 'ਚ ਮੌਜੂਦ ਸਮਾਧ ਅਤੇ ਹਵੇਲੀ ਬਾਰੇ ਪਾਕਿਸਤਾਨ ਦੇ ਲੇਖਕਾਂ ਅਤੇ ਗੁੱਜਰਾਂਵਾਲਾ ਪ੍ਰਸ਼ਾਸਨ 'ਚ ਭੁਲੇਖਾ ਬਣਿਆ ਹੋਇਆ ਹੈ, ਜਿਸ ਕਾਰਨ ਨਲੂਆ ਦੀ ਮਹਿਲ ਨੁਮਾ ਹਵੇਲੀ ਅਤੇ ਉਸ 'ਚ ਮੌਜੂਦ ਉਨ੍ਹਾਂ ਦੀ ਸਮਾਧ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਰੈਸਟ ਹਾਊਸ ਜਾਂ ਉਨ੍ਹਾਂ ਦੀ ਸ਼ਿਕਾਰਗਾਹ ਦੱਸ ਕੇ ਗੁੰਮਰਾਹ ਕੀਤਾ ਜਾ ਰਿਹਾ ਹੈ, ਜਿਸ ਨਾਲ ਵਿਵਾਦ ਛਿੜ ਸਕਦਾ ਹੈ। 30 ਅਪ੍ਰੈਲ 1837 ਨੂੰ ਹਰੀ ਸਿੰਘ ਨਲੂਆ ਦੇ ਸ਼ਹੀਦ ਹੋਣ ਉਪਰੰਤ ਉਨ੍ਹਾਂ ਦਾ ਅੰਤਿਮ ਸੰਸਕਾਰ ਪਾਕਿਸਤਾਨ ਦੇ ਮੌਜੂਦਾ ਖ਼ੈਬਰ ਪਖ਼ਤੂਨਖ਼ਵ੍ਹਾ ਸੂਬੇ ਵਿੱਚ ਜਮਰੌਦ ਕਿਲ੍ਹੇ 'ਚ ਉਨ੍ਹਾਂ ਦੇ ਅਪਣਾਏ ਹੋਏ ਪੁੱਤਰ ਮਹਾ ਸਿੰਘ ਮੀਰਪੁਰੀਏ ਵੱਲੋਂ ਕੀਤਾ ਗਿਆ ਸੀ। ਸਸਕਾਰ ਤੋਂ ਕੁਝ ਦਿਨਾਂ ਬਾਅਦ ਉਨ੍ਹਾਂ ਦੇ ਵੱਡੇ ਸੁਪੱਤਰ ਜਵਾਹਰ ਸਿੰਘ ਨਲੂਆ (ਬੀਬੀ ਰਾਜ ਕੌਰ ਦੇ ਵੱਡੇ ਪੁੱਤਰ) ਜਮਰੌਦ ਤੋਂ ਆਪਣੇ ਪਿਤਾ ਦੀ ਦੇਹ ਦੀ ਕੁਝ ਭਸਮ ਗੁੱਜਰਾਂਵਾਲਾ ਲੈ ਆਏ ਤੇ ਹਰੀ ਸਿੰਘ ਨਲੂਆ ਦੀ ਦੂਜੀ ਪਤਨੀ ਬੀਬੀ ਦੇਸਾਂ ਨੇ ਆਪਣੇ ਪਤੀ ਦੀ ਸਮਾਧ ਉਨ੍ਹਾਂ ਦੇ



ਬਾਗ਼ ਦੀ ਬਾਰਾਂਦਰੀ ਤੋਂ 12 ਕੁ ਕਦਮ ਦੂਰ ਉਸ ਕਮਰੇ ਦੇ ਸਾਹਮਣੇ ਬਣਵਾਈ, ਜਿੱਥੇ ਬੀਬੀ ਦੇਸਾਂ ਖ਼ੁਦ ਰਹਿੰਦੇ ਸਨ। ਉਕਤ ਹਵੇਲੀ, ਬਾਰਾਂਦਰੀ ਤੇ ਹਰੀ ਸਿੰਘ ਨਲੂਆ ਦੀ ਥੜ੍ਹੇ 'ਤੇ ਉਸਾਰੀ ਗਈ ਸਮਾਧ ਅੱਜ ਵੀ ਮੌਜੂਦ ਹੈ ਅਤੇ ਹਵੇਲੀ 'ਚ ਸੈਂਟ ਮੇਰੀ ਕਾਨਵੈਂਟ ਗਰਲਜ਼ ਹਾਈ ਸਕੂਲ ਚੱਲਦਾ ਹੈ।

ਇਤਿਹਾਸਕ ਦਸਤਾਵੇਜ਼ਾਂ ਅਨੁਸਾਰ 8 ਫ਼ਰਵਰੀ 1837 ਨੂੰ ਯੂਰਪੀਅਨ ਯਾਤਰੂ ਬੈਰਨ ਚਾਰਲਸ ਹੂਗਲ ਅਤੇ ਜੀ ਟੀ ਵਾਇਨ ਨੇ ਹਰੀ ਸਿੰਘ ਨਲੂਆ ਦੀ ਗੁੱਜਰਾਂਵਾਲਾ ਦੀ ਹਵੇਲੀ ਵੇਖੀ ਅਤੇ ਇਹ ਦੋਵੇਂ ਯਾਤਰੂ ਉਨ੍ਹਾਂ ਦੀ ਪ੍ਰਾਹੁਣਾਚਾਰੀ, ਗੱਲ-ਬਾਤ ਦੇ ਸ਼ਾਹੀ ਢੰਗ ਤੇ ਮੇਲ-ਮਿਲਾਪ ਤੋਂ ਬਹੁਤ ਪ੍ਰਭਾਵਤ ਹੋਏ। ਹੂਗਲ ਗੁੱਜਰਾਂਵਾਲਾ ਨੂੰ 'ਗੁਜ਼ਰਾਉਲੀ' ਨਾਂਅ ਨਾਲ ਸੰਬੋਧਨ ਕਰਦਾ ਹੋਇਆ ਲਿਖਦਾ ਹੈ ਕਿ ਹਰੀ ਸਿੰਘ ਦਾ ਰਾਜ ਮਹੱਲ ਗੁਜਰਾਉਲੀ ਦੇ ਕਿਲ੍ਹੇ 'ਚ ਸੀ, ਜਿੱਥੇ ਕਿ ਇੱਕ ਅਤਿ ਸੋਹਣਾ ਬਾਗ਼ ਸੰਤਰੇ, ਮਿੱਠੇ ਮਾਲਟੇ ਅਤੇ ਭਾਂਤ-ਭਾਂਤ ਦੇ ਖ਼ੁਸ਼ਬੂਦਾਰ ਫੁੱਲਾਂ ਨਾਲ ਲੱਦਿਆ ਹੋਇਆ ਸੀ। ਇਸੇ ਤਰ੍ਹਾਂ ਹਰੀ ਸਿੰਘ ਦਾ ਮਹੱਲ ਵੀ ਕਸ਼ਮੀਰੀ ਤੇ ਕਾਬਲੀ ਕਾਲੀਨਾਂ ਨਾਲ ਪੂਰੀ ਤਰ੍ਹਾਂ ਸਜਿਆ ਹੋਇਆ ਸੀ। ਲੈਫ਼ਟੀਨੈਂਟ ਵਿਲੀਅਮ ਬਾਰ ਨੇ ਆਪਣੀ ਪੁਸਤਕ 'ਚ ਲਿਖਿਆ ਹੈ ਕਿ ਗੁੱਜਰਾਂਵਾਲਾ 'ਚ ਹਰੀ ਸਿੰਘ ਦਾ ਮਹੱਲ ਤਿੰਨ ਮੰਜ਼ਲਾ ਸੀ ਤੇ ਇਹ ਬੜੇ ਸ਼ਾਹਾਨਾ ਤਰੀਕੇ ਨਾਲ ਸਜਾਇਆ ਗਿਆ ਸੀ। ਇਸ ਬਾਗ਼ 'ਚ ਸਰਦਾਰ ਸਾਹਿਬ ਨੇ ਤਿੰਨ ਸ਼ੇਰ ਵੀ ਪਾਲੇ ਹੋਏ ਸਨ, ਜਿਨ੍ਹਾਂ ਦੀ ਖ਼ੁਰਾਕ ਤਿੰਨ ਰੇ ਰੋਜ਼ਾਨਾ ਹੋਇਆ ਕਰਦੇ ਸਨ।

# 10 ਚੀਨੀ ਜਾਸੂਸਾਂ ਨੂੰ ਅਫਗਾਨ ਸਰਕਾਰ ਨੇ ਚੋਰੀ-ਚੋਰੀ ਮੁਆਫ਼ ਕੀਤਾ



ਕਾਬਲ, 5 ਜਨਵਰੀ (ਪੋਸਟ ਬਿਊਰੋ)- ਜਿਸ ਕਾਰਨ ਪੂਰੀ ਦੁਨੀਆ ਵਿੱਚ ਚੀਨ ਦੀ ਜਗ-ਹੱਸਾਈ ਹੋਣ ਵਾਲੀ ਸੀ, ਉਸ ਵਿੱਚ ਡ੍ਰੈਗਨ ਨੂੰ ਵੱਡੀ ਰਾਹਤ ਮਿਲ ਗਈ ਹੈ। ਅਫਗਾਨ ਸਰਕਾਰ ਨੇ ਜਾਸੂਸੀ ਤੇ ਅੱਤਵਾਦੀ ਨੈਟਵਰਕ ਚਲਾਉਣ ਦੇ ਦੋਸ਼ ਵਿੱਚ ਫੜੇ ਗਏ 10 ਚੀਨੀ ਨਾਗਰਿਕਾਂ ਨੂੰ ਚੋਰੀ-ਚੋਰੀ ਮੁਆਫ਼ੀ ਦੇ ਦਿੱਤੀ ਹੈ। ਇਸ ਮਾਮਲੇ ਤੋਂ ਜਾਣੂ ਲੋਕਾਂ ਨੇ ਕਿਹਾ ਕਿ ਅਫਗਾਨਿਸਤਾਨ ਨੇ 10 ਦਸੰਬਰ ਨੂੰ ਕਾਬਲ ਵਿੱਚ ਇੱਕ ਅੱਤਵਾਦੀ ਮਾਡਯੂਲ ਚਲਾਉਣ ਦੇ ਦੋਸ਼ ਵਿੱਚ ਗ੍ਰਿਫ਼ਤਾਰ 10 ਚੀਨੀ ਨਾਗਰਿਕਾਂ ਨੂੰ ਰਿਹਾਅ ਕਰ ਦਿੱਤਾ ਅਤੇ ਉਨ੍ਹਾਂ ਨੂੰ ਦੇਸ਼ ਛੱਡਣ ਦੀ ਮਨਜ਼ੂਰੀ ਦੇ ਦਿੱਤੀ ਹੈ। ਜਾਸੂਸੀ ਮਾਡਯੂਲ ਦੇ ਇਹ 10 ਮੈਂਬਰ ਚੀਨੀ ਸਰਕਾਰ ਦੀ ਅਰੇਂਜ ਕੀਤੀ ਚਾਰਟਰਡ ਫਲਾਈਟ ਰਾਹੀਂ ਆਪਣੇ ਦੇਸ਼ ਚਲੇ ਗਏ। ਇਨ੍ਹਾਂ 10 ਚੀਨੀ ਜਾਸੂਸਾਂ ਨੂੰ ਕਿਸ ਆਧਾਰ 'ਤੇ ਰਿਹਾਅ ਕੀਤਾ ਗਿਆ ਹੈ, ਇਸ ਦਾ ਪਤਾ ਨਹੀਂ ਲੱਗਾ। ਕਾਬਲ ਵਿੱਚ ਰਾਜਨੀਤਕਾਂ ਅਤੇ ਸੁਰੱਖਿਆ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਰਾਸ਼ਟਰਪਤੀ ਅਸ਼ਰਫ ਗਨੀ ਤੋਂ ਇਜਾਜ਼ਤ ਮਿਲਣ ਪਿੱਛੋਂ ਸਾਰੇ ਚੀਨੀ ਜਾਸੂਸ ਚਾਰਟਰਡ ਪਲੇਨ 'ਤੇ ਸਵਾਰ ਹੋ ਕੇ ਦੇਸ਼ ਛੱਡ ਕੇ ਚਲੇ ਗਏ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services: Complete Basement, Tiles, Bathrooms, Plumbing, Laminate, Hardwood Floor, Painting
A-1 RENOVATION GTA INC.
22 Listcreek Road, Brampton L6p 2n6

You can Place Your Business Here (905)793-2202
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

jobs! jobs! jobs! jobs! jobs!

DUNDAS·JAFINE

## HELP WANTED
## ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ: 110 Glidden Rd., Brampton
ਜਾਂ ਫੇਰ ਈ-ਮੇਲ ਕਰੋ: jbrown@dundasjafine.com kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Signature.ca, ticoca, IATA, WestJet vacations, transat, sunwing, AIR CANADA VACATIONS
Call Us For Guaranteed Lowest Airfare ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

Matrimonial
ਰਿਸ਼ਤੇ ਹੀ ਰਿਸ਼ਤੇ
Marriage
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Check our Free E-paper at: www.canadianpunjabipost.ca
ਕਾਲ ਕਰੋ: 905-793-2202
ਪੰਜਾਬੀ ਪੋਸਟ

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AVTAR UPPAL Manager
AMAN UPPAL Barrister,Solicitor
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
FREE Consultation
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਏ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

